MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
● Residential Mortgage
● Construction Mortgage
● Commercial Loan
● Private Loan
SATNAM
SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 33 SATURDAY, 19 AUGUST, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਖ਼ਾਲਿਸਤਾਨੀ ਆਗੂ ਨਿੱਝਰ ਦੇ ਕਤਲ ਵਿਚ ਵਰਤੀ ਗਈ ਸ਼ੱਕੀ ਕੈਮਰੀ ਕਾਰ ਦੀਆਂ ਤਸਵੀਰਾਂ ਜਾਰੀ

ਸਰੀ-ਹੋਮੀਸਾਈਡ ਜਾਂਚ ਅਧਿਕਾਰੀ 18 ਜੂਨ ਨੂੰ ਸਰੀ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੂੰ ਗੋਲੀਆਂ ਮਾਰ ਕੇ ਮਾਰਨ ਵਿਚ ਵਰਤੀ ਕਾਰ ਦੀ ਭਾਲ ਕਰ ਰਹੇ ਹਨ। ਸਰੀ ਵਿਚ ਬੀਸੀ ਆਰਸੀਐਮਪੀ ਹੈਡਕੁਆਟਰਜ਼ ਵਿਖੇ ਇਕ ਪ੍ਰੈਸ ਕਾਨਫਰੰਸ ਵਿਖੇ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐਚਆਈਟੀ) ਦੇ ਬੁਲਾਰੇ ਟਿਮੋਥੀ ਪਿਰੋਟੀ ਨੇ ਕਿਹਾ ਕਿ 2008 ਸਿਲਵਰ ਰੰਗ ਦੀ ਟੋਇਟਾ ਕੈਮਰੀ ਦਾ ਡਰਾਈਵਰ 121 ਸਟਰੀਟ ਅਤੇ 68 ਐਵੀਨਿਊ 'ਤੇ ਨਿੱਝਰ ਨੂੰ ਗੋਲੀਆਂ ਮਾਰਨ ਵਾਲੇ ਦੋ ਸ਼ੱਕੀਆਂ ਦੀ ਉਡੀਕ ਕਰ ਰਿਹਾ ਸੀ। 45 ਸਾਲਾ ਨਿੱਝਰ ਦੀ ਸਕੋਟ ਰੋਡ ਦੇ 7000 ਬਲਾਕ ਵਿਚ ਨਿਊਟਨ ਦੇ ਗੁਰੂ ਨਾਨਕ ਗੁਰਦੁਆਰਾ ਦੀ ਪਾਰਕਿੰਗ ਵਿਚ 18 ਜੂਨ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਗੋਲੀਬਾਰੀ ਤੋਂ ਥੋੜੀ ਦੇਰ ਪਿੱਛੋਂ ਕੋਕੁਇਟਲਮ ਵਿਚ ਅੱਗ ਨਾਲ ਸੜਦੀ ਇਕ ਕਾਰ ਮਿਲੀ ਸੀ ਪਰ ਪਿਰੋਟੀ ਨੇ ਕਿਹਾ ਕਿ ਸੜੀ ਹੋਈ ਕਾਰ ਨਿੱਝਰ ਦਾ ਗੋਲੀਬਾਰੀ ਨਾਲ ਸਬੰਧਤ ਨਹੀਂ ਸੀ। ਕਤਲ ਤੋਂ ਥੋੜੇ ਦਿਨ ਬਾਅਦ ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਖੁਲਾਸਾ ਕੀਤਾ ਕਿ ਗੋਲੀਬਾਰੀ ਪਿੱਛੋਂ ਦੋ ਸ਼ੱਕੀ ਵਿਅਕਤੀ ਕਾਗਰ ਕ੍ਰਾਕ ਪਾਰਕ ਵਿੱਚੋਂ ਭੱਜੇ ਸਨ ਅਤੇ ਉਨ੍ਹਾਂ ਨੇ ਚਿਹਰੇ ਢੱਕੇ ਹੋਏ ਸਨ। ਬੀਸੀ/ਸਾਲਿਸ਼ ਲੈਂਡ ਵਿਚ ਰਹਿੰਦਾ ਸਿੱਖ ਭਾਈਚਾਰਾ ਦਾਅਵਾ ਕਰ ਰਿਹਾ ਹੈ ਕਿ ਨਿੱਝਰ ਦੀ ਹੱਤਿਆ ਕੈਨੇਡਾ ਦੀ ਧਰਤੀ 'ਤੇ ਭਾਰਤ ਸਰਕਾਰ ਵਲੋਂ ਕਰਵਾਈ ਗਈ ਅੱਤਵਾਦੀ ਕਾਰਵਾਈ ਹੈ। ਇਸੇ ਦੌਰਾਨ ਨਿੱਝਰ ਦੇ ਇਕ ਨੇੜਲੇ ਸਾਥੀ ਨੇ ਕਿਹਾ ਕਿ ਉਨ੍ਹਾਂ ਦੇ ਦੋਸਤ ਨੂੰ ਕੈਨੇਡੀਅਨ ਇੰਟੈਲੀਜੈਂਸ ਦੇ



ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਉਸ ਨੂੰ ਭਾੜੇ ਦੇ ਕਾਤਲਾਂ ਵਲੋਂ ਹੱਤਿਆ ਲਈ ਨਿਸ਼ਾਨਾ ਬਣਾਇਆ ਜਾਵੇਗਾ। ਜੂਨ ਵਿਚ ਨਿਊਯਾਰਕ ਵਿਚ ਰਹਿੰਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਨਿੱਝਰ ਨੇ ਕਤਲ ਕੀਤੇ ਜਾਣ ਤੋਂ ਇਕ ਦਿਨ ਪਹਿਲਾਂ ਉਸ ਨਾਲ ਫੋਨ 'ਤੇ ਗੱਲ ਕੀਤੀ ਸੀ। ਪੰਨੂ ਨੇ ਦੱਸਿਆ ਕਿ ਨਿੱਝਰ ਨੇ ਵੱਖਰੇ ਸਿੱਖ ਰਾਜ ਲਈ ਅਣਅਧਿਕਾਰਤ ਖਾਲਿਸਤਾਨ ਰਾਏਸ਼ੁਮਾਰੀ ਵੋਟ ਅਤੇ ਭਾਰਤ ਸਰਕਾਰ ਵਲੋਂ ਨਿੱਝਰ ਦੇ ਸਿਰ ਦਾ ਇਨਾਮ ਰੱਖੇ ਜਾਣ ਕਾਰਨ ਆਪਣੀ ਸੁਰੱਖਿਆ ਨੂੰ ਖ਼ਤਰੇ ਬਾਰੇ ਗੱਲਬਾਤ ਕੀਤੀ ਸੀ। ਉਨ੍ਹਾਂ ਕਿਹਾ ਕਿ ਨਿੱਝਰ ਨੇ ਉਸ ਨੂੰ ਦੱਸਿਆ ਸੀ ਕਿ ਗੈਂਗਸਟਰਾਂ ਨੇ ਸੰਕੇਤ ਦਿੱਤਾ ਹੈ ਕਿ ਦੋਵੇਂ ਹਿਟ ਲਿਸਟ 'ਤੇ ਹਨ ਅਤੇ ਕੈਨੇਡੀਅਨ ਸੁਰੱਖਿਆ ਇੰਟੈਲੀਜੈਂਸ ਸਰਵਿਸ ਵਲੋਂ ਇਹ ਚਿਤਾਵਨੀ ਦੇਣ ਕਿ ਉਸ ਦੀ ਜ਼ਿੰਦਗੀ ਖ਼ਤਰੇ ਵਿਚ ਹੈ ਤੋਂ ਕੁਝ ਦਿਨ ਪਿੱਛੋਂ ਨਿੱਝਰ ਨੂੰ ਫੋਨ ਆਇਆ ਸੀ। ਗੋਲੀਬਾਰੀ ਤੋਂ ਇਕ ਦਿਨ ਪਿੱਛੋਂ ਪ੍ਰੈਸ ਕਾਨਫਰੰਸ ਵਿਚ ਨਾ ਸਰੀ ਆਰਸੀਐਮਪੀ ਕਮਿਸ਼ਨਰ ਬਰਾਇਨ ਐਡਵਾਰਡਸ ਜਾਂ ਪਿਰੋਟੀ ਨੇ ਸਿੱਖ ਸੰਗਠਨਾਂ ਦੇ ਇਨ੍ਹਾਂ ਦਾਅਵਿਆਂ 'ਤੇ ਕੋਈ ਟਿੱਪਣੀ ਕੀਤੀ ਕਿ ਕਤਲ ਭਾਰਤ ਸਰਕਾਰ ਵਲੋਂ ਕਰਵਾਇਆ ਗਿਆ ਹੈ। ਪਿਰੋਟੀ ਨੇ ਉਸ ਸਮੇਂ ਕਿਹਾ ਸੀ ਕਿ ਅਸੀਂ ਸਮਝਦੇ ਹਾਂ ਕਿ ਇਸ ਹੱਤਿਆ ਦੇ ਉਦੇਸ਼ ਬਾਰੇ ਬਹੁਤ ਸਾਰੀਆਂ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਪਰ ਅਸੀਂ ਤੱਥਾਂ ਨੂੰ ਸਮਝਣ ਅਤੇ ਸਬੂਤਾਂ ਆਧਾਰਤ ਆਪਣੀ ਜਾਂਚ ਅੱਗੇ ਵਧਾਉਣ ਲਈ ਸਮਰਪਿਤ ਹਾਂ। ਬੁੱਧਵਾਰ ਦੀ ਪ੍ਰੈਸ ਕਾਨਫਰੰਸ ਵਿਚ ਪਿਰੋਟੀ ਨੇ ਦੁਹਰਾਇਆ ਕਿ ਪੁਲਿਸ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ ਅਤੇ ਕਤਲ ਦਾ ਉਦੇਸ਼ ਅਜੇ ਸਪਸ਼ਟ ਨਹੀਂ। ਆਈਐਚਆਈਟੀ ਲੋਕਾਂ ਨੂੰ ਅਪੀਲ ਕਰ ਰਹੀ ਹੈ ਕਿ ਇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨਾਲ ਸੰਪਰਕ ਕੀਤਾ ਜਾਵੇ।

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
• Complete Denture
• Implant Denture
• Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
• Pre - Approval available in 24 Hours
- rate hold - 120 days
• Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

CROWN FUNDING
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Ph: 778.558.9745

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 33 SATURDAY, 19 AUGUST, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

## ਪੰਚਾਇਤਾਂ ਨੂੰ ਭੰਗ ਕਰਨ ਖ਼ਿਲਾਫ਼ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ ਨੂੰ ਭੰਗ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਹਫਤੇ ਤੋਂ ਵੀ ਘੱਟ ਸਮੇਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਇਸ ਫੈਸਲੇ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 10 ਅਗਸਤ ਦਾ ਨੋਟੀਫਿਕੇਸ਼ਨ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ। ਬਲਵਿੰਦਰ ਸਿੰਘ ਅਤੇ ਹੋਰ ਪਟੀਸ਼ਨਰਾਂ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਰਾਜ ਮੋਹਨ ਸਿੰਘ ਅਤੇ ਜਸਟਿਸ ਹਰਪ੍ਰੀਤ ਸਿੰਘ ਬਰਾੜ ਦੇ ਡਿਵੀਜ਼ਨ ਬੈਂਚ ਨੇ ਸੁਣਵਾਈ ਦੀ ਅਗਲੀ ਤਰੀਕ 28 ਅਗਸਤ ਤੈਅ ਕੀਤੀ ਹੈ। ਪਟੀਸ਼ਨਰਾਂ ਨੇ ਕਿਹਾ ਹੈ ਕਿ ਪੰਜਾਬ ਰਾਜ ਵਿੱਚ ਸਾਰੀਆਂ ਗ੍ਰਾਮ ਪੰਚਾਇਤਾਂ ਨੂੰ ਚੁਣੇ ਹੋਏ ਨੁਮਾਇੰਦਿਆਂ ਦੇ ਕਾਰਜਕਾਲ/ਕਾਲ ਦੀ ਸਮਾਪਤੀ ਤੋਂ ਪਹਿਲਾਂ ਗਲਤ ਅਤੇ ਗੈਰ-ਕਾਨੂੰਨੀ ਢੰਗ ਨਾਲ ਭੰਗ ਕਰ ਦਿੱਤਾ ਗਿਆ। ਪਟੀਸ਼ਨਰਾਂ ਨੇ ਜਨਵਰੀ 2019 ਵਿੱਚ ਹੀ ਅਹੁਦਾ ਸੰਭਾਲਿਆ ਸੀ। ਇਸ ਤਰ੍ਹਾਂ ਉਨ੍ਹਾਂ ਦਾ ਕਾਰਜਕਾਲ ਜਨਵਰੀ 2024 ਤੱਕ ਸੀ ਪਰ ਰਾਜ ਸਰਕਾਰ ਵੱਲੋਂ 31 ਦਸੰਬਰ ਤੱਕ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ।


## ਮੁਹਾਲੀ ਅਦਾਲਤ ਨੇ ਪੰਜਾਬ ਪੁਲੀਸ ਦੇ ਬਰਖ਼ਾਸਤ ਏਆਈਜੀ ਰਾਜਜੀਤ ਸਿੰਘ ਨੂੰ ਭਗੌੜਾ ਕਰਾਰ ਦਿੱਤਾ

ਮੁਹਾਲੀ-ਪੰਜਾਬ ਪੁਲੀਸ ਦੇ ਬਰਖ਼ਾਸਤ ਏਆਈਜੀ ਰਾਜਜੀਤ ਸਿੰਘ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਨਸ਼ਾ ਤਸਕਰੀ ਮਾਮਲੇ ਵਿੱਚ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਅੱਜ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਉਹ ਕਾਫੀ ਸਮੇਂ ਤੋਂ ਪੁਲੀਸ ਦੀ ਗ੍ਰਿਫ਼ਤ ਤੋਂ ਬਾਹਰ ਹੈ।

# ਮੁਤਵਾਜ਼ੀ ਜਥੇਦਾਰ ਮੰਡ ਵਲੋਂ ਭਗਵੰਤ ਮਾਨ ਤਨਖਾਹੀਆ ਕਰਾਰ

### ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣ ਤੇ ਤਖਤ ਸਾਹਿਬ ਤੇ ਪੇਸ਼ ਨਾ ਹੋਣ ਕਾਰਣ ਕੀਤੀ ਕਾਰਵਾਈ

ਅੰਮ੍ਰਿਤਸਰ-ਸਿੱਖ ਗੁਰਦੁਆਰਾ ਐਕਟ 1925 ਵਿੱਚ ਸੋਧ ਕਰਕੇ ਸਿੱਖ ਧਰਮ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਕਰਨ ਦੇ ਦੋਸ਼ ਹੇਠ ਮੁਤਵਾਜ਼ੀ ਜੱਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਇਸ ਸਬੰਧੀ ਆਦੇਸ਼ ਉਨ੍ਹਾਂ ਨੇ ਅਕਾਲ ਤਖ਼ਤ ਦੇ ਸਕੱਤਰੇਤ ਸਾਹਮਣੇ ਜਾਰੀ ਕੀਤਾ। ਮੁਤਵਾਜ਼ੀ ਜਥੇਦਾਰ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅੱਜ ਤੀਜੀ ਵਾਰ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਇਸ ਸਬੰਧੀ ਆਪਣਾ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਸੀ ਪਰ ਉਹ ਨਹੀਂ ਆਏ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਸਪੱਸ਼ਟੀਕਰਨ ਦੇਣ ਲਈ ਅਕਾਲ ਤਖ਼ਤ 'ਤੇ ਹਾਜ਼ਰ ਹੋਣ ਦਾ ਮੌਕਾ ਦਿੱਤਾ ਗਿਆ ਸੀ। ਇਸ ਤੋਂ ਪਿਛਲੀ ਵਾਰ ਉਨ੍ਹਾਂ ਆਪਣੇ ਦੋ ਵਿਧਾਇਕਾਂ ਰਾਹੀਂ ਪੱਤਰ ਭੇਜਿਆ ਸੀ ਪਰ ਇਹ ਪੱਤਰ ਵੀ ਉਨ੍ਹਾਂ ਦੀ ਥਾਂ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਲਿਖਿਆ ਹੋਇਆ ਸੀ। ਜਥੇਦਾਰ ਮੰਡ ਨੇ ਆਖਿਆ ਕਿ ਅਕਾਲ ਤਖ਼ਤ ਦੀ ਮਰਿਆਦਾ ਅਤੇ ਰਵਾਇਤਾਂ ਅਨੁਸਾਰ ਮੁੱਖ ਮੰਤਰੀ ਨੂੰ ਸਪਸ਼ਟੀਕਰਨ ਦੇਣ ਲਈ ਤਿੰਨ ਮੌਕੇ ਦਿੱਤੇ ਗਏ। ਅਖੀਰਲੀ ਵਾਰ ਮੁੱਖ ਮੰਤਰੀ ਨੇ ਬੰਦ ਲਿਫ਼ਾਫ਼ਾ ਭੇਜਿਆ,ਜਿਸ ਨੂੰ ਸਪਸ਼ਟੀਕਰਨ ਸਮਝਦਿਆਂ ਇਸ ਕਾਰਵਾਈ ਨੂੰ ਕੁਝ ਦਿਨ ਅਗਾਂਹ ਪਾ ਦਿੱਤਾ ਗਿਆ ਪਰ ਇਸ ਪੱਤਰ ਵਿੱਚ ਕੁਝ ਵੀ ਨਹੀਂ ਸੀ, ਸਗੋਂ




ਇਹ ਪ੍ਰਤੀਤ ਹੋਇਆ ਕਿ ਇਹ ਸਭ ਕੁਝ ਸਾਜ਼ਿਸ਼ ਅਧੀਨ ਜਾਣ ਬੁੱਝ ਕੇ ਬਦਨੀਤੀ ਨਾਲ ਕੀਤਾ ਗਿਆ ਹੈ। ਇਸ ਤੋਂ ਇਹ ਵੀ ਲਗਦਾ ਹੈ ਕਿ ਮੁੱਖ ਮੰਤਰੀ ਨੂੰ ਆਪਣੇ ਕੀਤੇ ਦਾ ਕੋਈ ਪਛਤਾਵਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਬੱਜਰ ਗੁਨਾਹ ਅਤੇ ਅਕਾਲ ਤਖਤ ਨਾਲ ਮਜ਼ਾਕ ਵਜੋਂ ਪੇਸ਼ ਆਉਣ ਦੇ ਦੋਸ਼ ਹੇਠ ਮੁੱਖ ਮੰਤਰੀ ਨੂੰ ਤਨਖਾਹੀਆ ਕਰਾਰ ਦਿੱਤਾ ਹੈ। (ਬਾਕੀ ਸ.ਫਾ 7 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੱਸ ਅੱਡੇ 'ਤੇ ਗੋਲੀਬਾਰੀ ਵਿਚ ਇਕ ਜ਼ਖ਼ਮੀ-ਹਸਪਤਾਲ ਦਾਖਲ

ਸਰੀ-ਫਲੀਟਵੁੱਡ ਵਿਚ ਇਕ ਵਿਅਕਤੀ ਦੇ ਚਿਹਰੇ 'ਤੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਜ਼ਖ਼ਮੀ ਵਿਅਕਤੀ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਗੋਲੀਬਾਰੀ ਦਾ ਸ਼ਿਕਾਰ 38 ਸਾਲਾ ਵਿਅਕਤੀ ਬੱਸ ਅੱਡੇ 'ਤੇ ਬੱਸ ਦੀ ਉਡੀਕ ਕਰ ਰਿਹਾ ਸੀ ਜਦੋਂ ਬਾਈਕ 'ਤੇ ਸਵਾਰ ਵਿਅਕਤੀ ਨੇ ਉਸ ਨੂੰ ਟੱਕਰ ਮਾਰ ਦਿੱਤੀ। ਇਸ ਪਿੱਛੋਂ ਦੋਵਾਂ ਵਿਚ ਬਹਿਸ ਛਿੜ ਪਈ ਅਤੇ ਸ਼ੱਕੀ ਵਿਅਕਤੀ ਨੇ ਪੀੜਤ ਦੇ ਮੂੰਹ 'ਤੇ ਗੋਲੀ ਮਾਰ ਦਿੱਤੀ। ਪੁਲਿਸ ਉਸ ਦੀ ਭਾਲ ਕਰ ਰਹੀ ਹੈ ਅਤੇ ਲੋਕਾਂ ਨੂੰ ਵੀ ਅਪੀਲ ਕਰ ਰਹੀ ਹੈ ਕਿ ਉਨ੍ਹਾਂ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ।




# ਕਲਟਸ ਝੀਲ ਵਿਚ ਲਾਪਤਾ ਹੋਏ ਨੌਜਵਾਨ ਦੀ ਲਾਸ਼ ਬਰਾਮਦ



ਸਰੀ-ਕਲਟਸ ਝੀਲ ਵਿਚ ਡੁੱਬ ਗਏ ਸਮਝੇ ਜਾਂਦੇ 20 ਦੇ ਦਹਾਕੇ ਦੇ ਸਰੀ ਦੇ ਵਿਅਕਤੀ ਦੀ ਲਾਸ਼ ਲਗਪਗ ਇਕ ਮਹੀਨੇ ਦੀ ਤਲਾਸ਼ ਪਿੱਛੋਂ ਲੱਭ ਪਈ ਹੈ। 19 ਜੁਲਾਈ ਨੂੰ 22 ਸਾਲਾ ਅਜੇ ਸਿੰਘ ਆਪਣੇ ਦੋਸਤਾਂ ਵਿਚੋਂ ਇਕ ਨੂੰ ਬਚਾਉਣ ਲਈ ਟਿਊਬ ਤੋਂ ਫਿਸਲ ਕੇ ਪਾਣੀ ਵਿਚ ਡਿੱਗਣ ਪਿੱਛੋਂ ਕਲਟਸ ਝੀਲ ਵਿਚ ਲਾਪਤਾ ਹੋ ਗਿਆ ਸੀ। ਉਸ ਦੀ ਲਾਸ਼ 15 ਅਗਸਤ ਨੂੰ ਬਰਾਮਦ ਕੀਤੀ ਗਈ ਹੈ। ਚਿਲੀਵੈਕ ਆਰਸੀਐਮਪੀ ਦੇ ਬੁਲਾਰੇ ਆਰਸੀਐਮਪੀ ਸਾਰਜੈਂਟ ਕ੍ਰਿਸਟਾ ਵਰੋਲਿਕ ਨੇ ਕਿਹਾ ਕਿ ਸਾਡੀ ਮਰੇ ਵਿਅਕਤੀ ਦੇ ਪਰਿਵਾਰ ਤੇ ਦੋਸਤਾਂ ਨਾਲ ਡੂੰਘੀ ਹਮਦਰਦੀ ਹੈ। ਜੋਬਨਪ੍ਰੀਤ ਸਿੰਘ ਤਿੰਨ ਦੋਸਤਾਂ ਦੇ ਗਰੁੱਪ ਵਿਚੋਂ ਇਕ ਸੀ ਜਿਹੜੇ 21 ਜੁਲਾਈ ਨੂੰ ਕਲਟਸ ਲੇਕ 'ਤੇ ਇਕੱਤਰ ਹੋਏ ਸਨ ਨੇ ਅਜੇ ਲਈ ਨਿਆਂ ਵਾਲੇ ਪੋਸਟਰ ਲਗਾਏ ਹਨ ਅਤੇ ਕਿਹਾ ਕਿ ਤਲਾਸ਼ ਨੂੰ ਗੰਭੀਰਤਾ ਨਾਲ ਲਿਆ ਜਾਵੇ। ਚਾਰ ਹਫ਼ਤਿਆਂ ਵਿਚ ਡੁੱਬਣ ਨਾਲ ਇਹ ਚੌਥੀ ਮੌਤ ਹੋਈ ਹੈ। ਵਰੋਲਿਕ ਨੇ ਕਿਹਾ ਕਿ ਇਹ ਮੌਤਾਂ ਪਰਿਵਾਰ ਤੇ ਦੋਸਤਾਂ ਲਈ ਵਿਨਾਸ਼ਕਾਰੀ ਹਨ ਅਤੇ ਇਸ ਦਾ ਐਮਰਜੈਂਸੀ ਮੁਲਾਜ਼ਮਾਂ 'ਤੇ ਅਸਰ ਪੈਂਦਾ ਹੈ। ਪਾਣੀ ਵਿਚ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰਿਆਂ ਨੂੰ ਆਪਣਾ ਹਿੱਸਾ ਅਦਾ ਕਰਨ ਲਈ ਕਿਹਾ ਜਾਂਦਾ ਹੈ।

## ਚਿਲੀਵੈਕ ਤਕ ਹਾਈਡਰੋਜਨ ਰੇਲ ਗੱਡੀਆਂ ਚਲਾਉਣ ਲਈ ਸਰੀ ਨੂੰ ਧਿਆਨ ਨਾਲ ਜਾਂਚ ਕਰਨੀ ਚਾਹੀਦੀ-ਕੌਂਸਲਰ ਲਿੰਡਾ ਐਨਿਸ



ਸਰੀ-ਇਕ ਕੌਂਸਲਰ ਦਾ ਕਹਿਣਾ ਕਿ ਸਰੀ ਸਿਟੀ ਨੂੰ ਟਾਊਨਸ਼ਿਪ ਆਫ ਲੈਂਗਲੀ ਵਲੋਂ ਪੈਟੂਲੋ ਬ੍ਰਿਜ ਅਤੇ ਚਿਲੀਵੈਕ ਵਿਚਕਾਰ ਹਾਈਡਰੋਜਨ ਨਾਲ ਚੱਲਣ ਵਾਲੀਆਂ ਰੇਲ ਗੱਡੀਆਂ ਚਲਾਉਣ ਲਈ ਇੰਟਰਅਰਬਨ ਰੇਲ ਕੋਰੀਡੋਰ ਨੂੰ ਮੁੜ ਐਕਟੀਵੇਟ ਕਰਨ ਲਈ ਦਿਖਾਈ ਜਾ ਰਹੀ ਸਰਗਰਮੀ ਦੀ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ। ਕੌਂਸਲਰ ਲਿੰਡਾ ਐਨਿਸ ਨੇ ਨਾਊ ਲੀਡਰ ਨੂੰ ਦੱਸਿਆ ਕਿ ਉਹ ਨਿੱਜੀ ਤੌਰ 'ਤੇ ਸੋਚਦੀ ਹੈ ਕਿ ਸਾਨੂੰ ਟਰਾਂਜ਼ਿਟ ਦੇ ਹਰੇਕ ਵਿਕਲਪ ਬਾਰੇ ਖੋਜ ਕਰਨ ਦੀ ਲੋੜ ਹੈ। ਇਸ ਸਮੇਂ ਤੁਹਾਨੂੰ ਫ੍ਰੀਵੇਅ 'ਤੇ ਜਾਣ ਦੀ ਲੋੜ ਹੈ, ਅਸੀਂ ਫਸੇ ਹੋਏ ਹਾਂ ਅਤੇ ਤੁਹਾਨੂੰ ਪਤਾ ਹੈ ਕਿ ਸਾਨੂੰ ਵਿਕਲਪ ਲੱਭਣ ਦੀ ਲੋੜ ਹੈ। ਸਾਡੇ ਕੋਲ ਸਮੁੱਚੇ ਸਰੀ ਵਿਚ ਕਾਫੀ ਆਵਾਜਾਈ ਦਾ ਪ੍ਰਬੰਧ ਨਹੀਂ, ਇਸ ਲਈ ਉਸ ਨੂੰ ਲਗਦਾ ਹੈ ਕਿ ਸਾਨੂੰ ਵਿਕਲਪ ਲੱਭਣ ਦੀ ਲੋੜ ਹੈ। ਉਸ ਨੇ ਕਿਹਾ ਕਿ ਸਾਨੂੰ ਸੱਚਮੁੱਚ ਇਸ 'ਤੇ ਸਖਤ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਕਿਸੇ ਵੀ ਮੌਕੇ ਨੂੰ ਜਾਣ ਨਹੀਂ ਦੇਣਾ ਚੀਹੀਦਾ।

## ਸਰੀ ਦੇ ਸਿਟੀ ਮੈਨੇਜਰ ਵਿਨਸੈਂਟ ਲਾਲੋਂਡੇ ਹੋਏ ਸੇਵਾਮੁਕਤ



ਸਰੀ-ਬੀਤੇ 9 ਸਾਲ ਸਿਟੀ ਮੈਨੇਜਰ ਵਜੋਂ ਸੇਵਾ ਨਿਭਾਉਣ ਸਮੇਤ 26 ਸਾਲ ਦੀ ਸੇਵਾ ਪਿੱਛੋਂ ਵਿਨਸੈਂਟ ਸੇਵਾ ਮੁਕਤ ਹੋ ਰਹੇ ਹਨ। ਸਰੀ ਸਿਟੀ ਦੀ ਪ੍ਰੈਸ ਰਿਲੀਜ਼ ਵਿਚ ਲਾਲੋਂਡੇ ਵਲੋਂ ਦਿੱਤੇ ਬਿਆਨ ਵਿਚ ਕਿਹਾ ਗਿਆ ਕਿ ਇਹ ਫ਼ੈਸਲਾ ਲੈਣਾ ਕੋਈ ਆਸਾਨ ਨਹੀਂ ਸੀ ਪਰ ਸਰੀ ਸ਼ਹਿਰ ਨੂੰ 26 ਸਾਲ ਸ਼ਾਨਦਾਰ ਤਰੀਕੇ ਨਾਲ ਚਲਾਉਣ ਪਿੱਛੋਂ ਉਹ ਐਲਾਨ ਕਰ ਰਿਹਾ ਹੈ ਕਿ ਉਹ ਸਿਟੀ ਮੈਨਜੇਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਛੱਡ ਰਹੇ ਹਨ। ਉਨ੍ਹਾਂ ਸਾਲਾਂ ਬਾਰੇ ਜਦੋਂ ਮੈਂ ਸੋਚਦਾ ਹਾਂ ਜਿਹੜੇ ਅਸੀਂ ਸਰੀ ਸਿਟੀ ਵਿਖੇ ਕੰਮ ਕਰਦਿਆਂ ਬਿਤਾਏ ਹਨ ਤਾਂ ਉਹ ਬਹੁਤ ਮਾਣ ਨਾਲ ਭਰ ਜਾਂਦਾ ਹੈ। ਅਸੀਂ ਜਿਹੜਾ ਵਿਕਾਸ ਹਾਸਲ ਕੀਤਾ, ਚੁਣੌਤੀਆਂ 'ਤੇ ਕਾਬੂ ਪਾਇਆ ਅਤੇ ਨਵੀਨਤਾ ਵਾਲੀ ਭਾਵਨਾ ਜਿਹੜੀ ਸਰੀ ਨੂੰ ਪ੍ਰੀਭਾਸ਼ਤ ਕਰਦੀ ਹੈ ਉਹ ਸਭ ਸੱਚਮੁੱਚ ਬੇਮਿਸਾਲ ਹਨ। ਸਿਟੀ ਆਫ ਸਰੀ ਦੀਆਂ ਵਿੱਤੀ ਸਟੇਟਮੈਂਟਾਂ ਮੁਤਾਬਿਕ ਲਾਲੋਂਡੇ ਨੇ ਮੈਨੇਜਰ ਵਜੋਂ 2022 ਵਿਚ 411,198 ਡਾਲਰ ਕਮਾਏ ਹਨ। ਮੇਅਰ ਬਰੈਂਡਾ ਲੋਕ ਨੇ ਲਾਲੋਂਡੇ ਦੇ ਸ਼ਹਿਰ ਪ੍ਰਤੀ ਸਮਰਪਣ ਨੂੰ ਵਰਨਣਯੋਗ ਆਖਿਆ ਹੈ। ਲੋਕ ਨੇ ਬਿਆਨ ਵਿਚ ਕਿਹਾ ਕਿ ਉਸ ਕੋਵਿਡ-19 ਮਹਾਂਮਾਰੀ ਦੌਰਾਨ ਉਨ੍ਹਾਂ ਦੀ ਲੀਡਰਸ਼ਿਪ ਵਿਚ ਇਹ ਯਕੀਨੀ ਬਣਾਉਣ ਲਈ ਇਕ ਬੇਮਿਸਾਲ ਸੀਨੀਅਰ ਮੈਨੇਜਮੈਂਟ ਟੀਮ ਬਣਾਈ ਕਿ ਸਰੀ ਸ਼ਹਿਰ ਤਰੱਕੀ ਕਰਦਾ ਰਹੇ। ਕੌਂਸਲ ਨੇ ਜਨਰਲ ਮੈਨੇਜਰ ਆਫ ਕਾਰਪੋਰੇਟ ਸਰਵਸਿਜ਼ ਰੋਬ ਕੋਸਟੈਂਜ਼ੋ ਨੂੰ ਐਕਟਿੰਗ ਸਿਟੀ ਮੈਨੇਜਰ ਨਿਯੁਕਤ ਕੀਤਾ ਹੈ।






# ਬੀਸੀ 'ਚ 10 ਤੋਂ 18 ਸਾਲ ਦੇ ਨੌਜਵਾਨਾਂ ਵਿਚ ਮੌਤ ਦਾ ਮੁੱਖ ਕਾਰਨ ਹੈ ਨਸ਼ੇ ਦੀ ਓਵਰਡੋਜ਼



ਟੋਰਾਂਟੋ-ਬ੍ਰਿਟਿਸ਼ ਕੋਲੰਬੀਆ ਵਿਚ 10 ਤੋਂ 18 ਸਾਲ ਦੇ ਨੌਜਵਾਨਾਂ ਦੀ ਮੌਤ ਦਾ ਕਾਰਨ ਓਪੀਔਡਜ਼ ਅਤੇ ਦੂਸਰੇ ਗੈਰਕਾਨੂੰਨੀ ਨਸ਼ਿਆਂ ਦੀ ਓਵਰਡੋਜ਼ ਹੈ ਅਤੇ ਵਰਤਾਰਾ ਸੂਬੇ ਦੇ ਜ਼ਹਿਰੀਲੇ ਡਰੱਗ ਸੰਕਟ ਦੀ ਗੰਭੀਰ ਸਥਿਤੀ ਨੂੰ ਬਿਆਨ ਕਰਦਾ ਹੈ। ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਵਲੋਂ ਹਾਲ ਹੀ ਵਿਚ ਜਾਰੀ ਡਾਟਾ ਤੋਂ ਪਤਾ ਲਗਦਾ ਹੈ ਕਿ 2022 ਪਹਿਲਾ ਸਾਲ ਸੀ ਜਦੋਂ ਇਸ ਉਮਰ ਦੇ ਲੋਕਾਂ ਦੀ ਮੌਤ ਦੇ ਦੂਸਰੇ ਕਾਰਨਾਂ ਨੂੰ ਓਵਰਡੋਜ਼ ਨੇ ਪਛਾੜ ਦਿੱਤਾ ਸੀ ਅਤੇ ਦੋ ਸਾਲ ਬਾਅਦ ਵੀ ਇਹ ਦੂਸਰਾ ਸਭ ਤੋਂ ਆਮ ਕਾਰਨ ਬਣਿਆਂ ਹੋਇਆ ਹੈ। ਨੌਜਵਾਨਾਂ ਦੀਆਂ ਡਰੱਗ ਨਾਲ ਸਬੰਧਤ ਬਹੁਤੀਆਂ ਮੌਤਾਂ ਫੈਂਟਾਨਿਲ ਨਸ਼ੇ ਨਾਲ ਹੁੰਦੀਆਂ ਹਨ ਜਿਸ ਵਿਚ ਬਹੁਤ ਹੀ ਸ਼ਕਤੀਸ਼ਾਲੀ ਓਪੀਔਡ ਹੁੰਦਾ ਹੈ ਜਿਸ ਨੂੰ ਨਸ਼ੇੜੀਆਂ ਨੂੰ ਦੱਸੇ ਬਿਨ੍ਹਾਂ ਅਕਸਰ ਅਕਸਰ ਦੂਸਰੇ ਨਸ਼ਿਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਦੀ ਤੁਛ ਜਿਹੀ ਮਾਤਰਾ ਵੀ ਜਾਨਲੇਵਾ ਹੋ ਸਕਦੀ ਹੈ। 2016 ਤੋਂ ਬੀਸੀ ਵਿਚ 19 ਤੋਂ 39 ਸਾਲ ਦੀ ਉਮਰ ਦੇ ਲੋਕਾਂ ਦੀ ਮੌਤ ਦਾ ਮੁੱਖ ਕਾਰਨ ਗੈਰਕਾਨੂੰਨੀ ਡਰੱਗ ਹੈ ਜਦੋਂ ਸੂਬੇ ਨੇ ਓਪੀਔਡ ਦੀ ਓਵਰਡੋਜ਼ ਨੂੰ ਜਨਤਕ ਸਿਹਤ ਐਮਰਜੈਂਸੀ ਐਲਾਨਿਆਂ ਸੀ। ਉਸੇ ਸਾਲ ਗੈਰਕਾਨੂੰਨੀ ਡਰੱਗ 40 ਤੋਂ 59 ਸਾਲ ਦੇ ਲੋਕਾਂ ਦੀ ਮੌਤ ਦਾ ਦੂਸਰਾ ਸਭ ਤੋਂ ਆਮ ਕਾਰਨ ਬਣ ਗਈ।

# ਹਾਊਸਿੰਗ ਸੰਕਟ-ਫੈਡਰਲ ਸਰਕਾਰ ਇਮੀਗ੍ਰੇਸ਼ਨ ਯੋਜਨਾ 'ਤੇ ਕਾਇਮ

ਓਟਵਾ-ਕੈਨੇਡਾ ਵਿਚ ਮਕਾਨਾਂ ਦੀ ਸਪਲਾਈ ਆਬਾਦੀ ਵਾਧੇ ਦੀ ਤੇਜ਼ ਦਰ ਮੁਤਾਬਿਕ ਨਹੀਂ ਹੋ ਰਹੀ। ਅਕਾਦਮਿਕ, ਵਪਾਰਕ



ਬੈਂਕਾਂ ਅਤੇ ਨੀਤੀ ਚਿੰਤਕ ਸਾਰੇ ਫੈਡਰਲ ਸਰਕਾਰ ਨੂੰ ਚਿਤਾਵਨੀ ਦੇ ਰਹੇ ਹਨ ਕਿ ਇਮੀਗ੍ਰੇਸ਼ਨ ਨਾਲ ਆਬਾਦੀ ਵਿਚ ਵਾਧੇ ਦੀ ਦਰ ਮਕਾਨ ਸੰਕਟ ਨੂੰ ਬਦਤਰ ਬਣਾ ਰਹੀ ਹੈ। ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਵਿਖੇ ਡਾਟਾ ਸਾਇੰਸ ਐਂਡ ਰੀਅਲ ਅਸਟੇਟ ਮੈਨੇਜਮੈਂਟ ਦੇ ਪ੍ਰੋਫੈਸਰ ਮੁਰਤਜ਼ਾ ਹੈਦਰ ਨੇ ਕਿਹਾ ਕਿ ਕੈਨੇਡਾ ਵਿਚ ਮਕਾਨ ਹਾਊਸਿੰਗ ਅਫੋਰਡਅਬਿਲਟੀ ਚੁਣੌਤੀ ਦਾ ਮੁੱਖ ਕਾਰਨ ਸਾਡੇ ਵਲੋਂ ਆਬਾਦੀ ਦੇ ਵਾਧੇ ਮੁਤਾਬਿਕ ਮਕਾਨਾਂ ਦੀ ਉਸਾਰੀ ਨਾ ਕਰ ਸਕਣਾ ਹੈ। ਜੁਲਾਈ ਦੇ ਅਖੀਰ ਵਿਚ ਜਾਰੀ ਇਕ ਟੀਡੀ ਰਿਪੋਰਟ ਵਿਚ ਵੀ ਚਿਤਾਵਨੀ ਦਿੱਤੀ ਗਈ ਕਿ ਉੱਚ ਪ੍ਰਵਾਸ ਰਣਨੀਤੀ ਜਾਰੀ ਰਹਿਣ ਨਾਲ ਸਿਰਫ ਦੋ ਸਾਲਾਂ ਵਿਚ ਲਗਪਗ ਪੰਜਾਹ ਲੱਖ ਮਕਾਨਾਂ ਦੀ ਘਾਟ ਪੈਦਾ ਕਰ ਸਕਦੀ ਹੈ ਪਰ ਲਿਬਰਲਜ਼ ਹੋਰ ਲੋਕਾਂ ਨੂੰ ਦੇਸ਼ ਵਿਚ ਲਿਆਉਣ ਲਈ ਆਪਣੀ ਵਚਨਬੱਧਤਾ ਪ੍ਰਤੀ ਦ੍ਰਿੜਤਾ ਦਿਖਾਉਂਦੇ ਹੋਏ ਦਲੀਲ ਦੇ ਰਹੇ ਹਨ ਕਿ ਆਰਥਿਕਤਾ ਦੀ ਸਹਾਇਤਾ ਅਤੇ ਇਸ ਦੀਆਂ ਸਖਤ ਲੋੜਾਂ ਲਈ ਘਰ ਬਣਾਉਣ ਵਾਸਤੇ ਕੈਨੇਡਾ ਨੂੰ ਉੱਚ ਪ੍ਰਵਾਸ ਦੀ ਲੋੜ ਹੈ। ਕੈਨੇਡੀਅਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਇਮੀਗ੍ਰੇਸ਼ਨ ਦੇ ਪੱਧਰ ਨੂੰ ਅਸੀਂ ਹਾਲ ਹੀ ਵਿਚ ਕੈਬਨਿਟ ਵਜੋਂ ਅਤੇ ਸਰਕਾਰ ਵਜੋਂ ਪ੍ਰਵਾਣਤ ਕੀਤਾ ਹੈ, ਅਸੀਂ ਮੌਜੂਦਾ ਸਮੇਂ ਇਹ ਗਿਣਤੀ ਘਟਾਉਣ ਦੀ ਸਮਰੱਥਾ ਨਹੀਂ ਰੱਖਦੇ। ਕੈਨੇਡਾ ਦੀ ਬਜ਼ੁਰਗ ਹੋ ਰਹੀ ਆਬਾਦੀ ਸਰਕਾਰ ਵਿੱਤ 'ਤੇ ਬੋਝ ਪਾ ਰਹੀ ਹੈ ਕਿਉਂਕਿ ਸਿਹਤ ਸੰਭਾਲ ਦੀਆਂ ਲੋੜਾਂ ਵਧੀਆਂ ਹਨ ਅਤੇ ਟੈਕਸ ਦਾ ਆਧਾਰ ਸੁੰਗੜਿਆ ਹੈ।



# ਜੰਗਲ ਦੀ ਅੱਗ ਦੇ ਖ਼ਤਰੇ ਕਾਰਨ ਯੈਲੋਨਾਈਫ ਤੇ ਦੂਸਰੀਆਂ ਨੌਰਥਵੈਸਟ ਟੈਰੀਟਰੀਜ਼ ਕਸਬਿਆਂ ਨੂੰ ਖਾਲੀ ਕਰਨ ਦਾ ਹੁਕਮ

ਐਡਮਿੰਟਨ-ਨੌਰਥਵੈਸਟ ਟੈਰੀਟਰੀਜ਼ ਦੀ ਰਾਜਧਾਨੀ ਦੇ ਵਾਸੀਆਂ ਨੂੰ ਆਪਣਾ ਸ਼ਹਿਰ ਛੱਡਣ ਦਾ ਹੁਕਮ ਦਿੱਤਾ ਹੈ ਕਿਉਂਕਿ ਜੰਗਲ ਦੀ ਅੱਗ ਵੀਕਐਂਡ ਤਕ ਦੂਰ ਦੁਰਾਡੇ ਦੇ ਲੋਕਾਂ ਤਕ ਪਹੁੰਚ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪ੍ਰੀਮੀਅਰ ਕੈਰੋਲੀਨ ਕੋਚਰੇਨ ਨੇ ਯੈਲੋਨਾਈਫ ਦੇ 20000 ਵਾਸੀਆਂ ਨੂੰ ਖਾਲੀ ਕਰਨ ਦੇ ਹੁਕਮ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ ਜਿਹੜਾ ਮੰਗ ਕਰਦਾ ਹੈ ਕਿ ਨਾਗਰਿਕ ਸ਼ੁੱਕਰਵਾਰ ਦੁਪਹਿਰ ਤਕ ਸ਼ਹਿਰ ਤੋਂ ਬਾਹਰ ਚਲੇ ਜਾਣ। ਹੁਕਮ ਬੁੱਧਵਾਰ ਸ਼ਾਮ ਨੂੰ ਜਾਰੀ ਕੀਤੇ ਗਏ ਸਨ ਅਤੇ ਇਹ ਨਡੀਲੋ, ਡੇਟਾਹ ਅਤੇ ਇਂਗਰਾਹਮ ਟਰੇਲ 'ਤੇ ਵੀ ਲਾਗੂ ਹੁੰਦੇ ਹਨ। ਉਨ੍ਹਾਂ ਤਾਜ਼ਾ ਜਾਣਕਾਰੀ ਵਿਚ ਕਿਹਾ ਕਿ ਮੈਨੂੰ ਪਤਾ ਹੈ ਕਿ ਅਸੀਂ ਸਾਰੇ ਬੇਮਿਸਾਲ ਸ਼ਬਦ ਤੋਂ ਥੱਕ ਗਏ ਹਾਂ ਪਰ ਨੌਰਥਵੈਸਟ ਟੈਰੀਟਰਜ਼ੀ ਵਿਚ ਸਥਿਤੀ ਬਾਰੇ ਦੱਸਣ ਦਾ ਹੋਰ ਕੋਈ ਤਰੀਕਾ ਨਹੀਂ। ਯੈਲੋਨਾਈਫ ਦੀ ਮਿਉਂਸਪਲ ਸਰਹੱਦ ਤੋਂ 17 ਕਿਲੋਮੀਟਰ ਦੂਰ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹਨ ਅਤੇ ਅਧਿਕਾਰੀਆਂ ਦਾ ਕਹਿਣਾ ਕਿ ਜੇਕਰ ਮੀਂਹ ਨਾ ਪਿਆ ਤਾਂ ਅੱਗ ਸ਼ਹਿਰ ਦੇ ਬਾਹਰਵਾਰ ਸਨਿਚਰਵਾਰ ਤਕ ਅਤੇ ਇਗਰਾਹਮ ਟਰੇਲ ਤਕ ਸ਼ੁੱਕਰਵਾਰ ਤਕ ਪਹੁੰਚ ਜਾਵੇਗੀ।

# ਪੌਲੀਵਰੇ ਨੂੰ ਲਿਬਰਲਜ਼ ਵਲੋਂ ਖਰਚੇ ਵਿਚ 15 ਅਰਬ ਡਾਲਰ ਦੀ ਕਟੌਤੀ ਕਰਨ ਦੀ ਯੋਜਨਾ 'ਤੇ ਸ਼ੱਕ



ਓਟਵਾ-ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੇ ਮੌਜੂਦਾ ਫੈਡਰਲ ਸਰਕਾਰ ਵਲੋਂ ਖਰਚ ਯੋਜਨਾਵਾਂ ਵਿਚ 15 ਅਰਬ ਡਾਲਰ ਤੋਂ ਵੱਧ ਦੀ ਕਟੌਤੀ ਕਰਨ ਦਾ ਪਤਾ ਲਗਾਉਣ ਦੀ ਕੋਸ਼ਿਸ਼ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦਾ ਪੈਸੇ ਦੀ ਦੁਰਵਰਤੋਂ ਦਾ ਸਪਸ਼ਟ ਰਿਕਾਰਡ ਰਿਹਾ ਹੈ। ਟੋਰਾਂਟੋ ਵਿਚ ਪੱਤਰਕਾਰਾਂ ਨੇ ਪੋਲੀਵਰੇ ਨੂੰ ਗਲੋਬ ਐਂਡ ਮੇਲ ਦੀ ਇਸ ਰਿਪੋਰਟ 'ਤੇ ਟਿੱਪਣੀ ਕਰਨ ਲਈ ਕਿਹਾ ਸੀ ਕਿ ਟਰੱਜ਼ਰੀ ਬੋਰਡ ਦੀ ਨਵੀਂ ਪ੍ਰਧਾਨ ਅਨੀਤਾ ਅਨੰਦ ਨੇ ਖ਼ਾਸ ਖਰਚਿਆਂ ਵਿਚ ਕਟੌਤੀ ਦੀ ਪਛਾਣ ਲਈ ਆਪਣੇ ਕੈਬਨਿਟ ਸਹਿਯੋਗੀਆਂ ਨੂੰ 2 ਅਕਤੂਬਰ ਤਕ ਦਾ ਸਮਾਂ ਦਿੱਤਾ ਹੈ।


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਅਗਲੇ ਸਾਲ ਲਾਲ ਕਿਲ੍ਹੇ ਤੋਂ ਮੁੜ ਸੰਬੋਧਨ ਕਰਾਂਗਾ-ਮੋਦੀ

## ਆਜ਼ਾਦੀ ਦਿਹਾੜੇ 2024 ਦੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾਇਆ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀਂ ਆਜ਼ਾਦੀ ਦਿਹਾੜੇ ਮੌਕੇ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਚੋਣ ਪਿੜ ਮਘਾਉਂਦਿਆਂ ਭ੍ਰਿਸ਼ਟਾਚਾਰ, ਤੁਸ਼ਟੀਕਰਨ ਤੇ ਪਰਿਵਾਰਵਾਦ ਦੀ ਸਿਆਸਤ ਜਿਹੀਆਂ 'ਤਿੰਨ ਬੁਰਾਈਆਂ' ਖਿਲਾਫ਼ ਜੰਗ ਛੇੜਨ ਤੇ ਮੈਗਾ ਸਕੀਮਾਂ ਨਾਲ ਹੋਰਨਾਂ ਪੱਛੜੀਆਂ ਸ਼੍ਰੇਣੀਆਂ (ਓਬੀਸੀ) ਤੱਕ ਪਹੁੰਚ ਵਧਾਉਣ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਇਥੇ ਲਾਲ ਕਿਲੇ ਦੀ ਫਸੀਲ ਤੋਂ ਭਰੋਸਾ ਜਤਾਇਆ ਕਿ ਉਹ ਅਗਲੇ ਸਾਲ ਫਿਰ ਦੇਸ਼ ਨੂੰ ਇਸੇ ਮੰਚ ਤੋਂ ਸੰਬੋਧਨ ਕਰਨਗੇ। ਸ੍ਰੀ ਮੋਦੀ ਨੇ ਕਿਹਾ ਕਿ ਉਹ 'ਪਰਫੋਰਮ, ਰਿਫਾਰਮ ਤੇ ਟਰਾਂਸਫਾਰਮ' ਦੀ ਸਿਆਸਤ ਕਰਦੇ ਹਨ ਜਦੋਂਕਿ ਪਹਿਲਾਂ 'ਅਸਥਿਰਤਾ ਦੀ ਸਿਆਸਤ' ਹੁੰਦੀ ਸੀ। ਉਨ੍ਹਾਂ ਕਿਹਾ ਕਿ ਅੱਜ ਭਾਰਤ ਆਲਮੀ ਨਕਸ਼ੇ 'ਤੇ 'ਵਿਸ਼ਵਾਮਿੱਤਰ' ਵਜੋਂ ਉਭਰਿਆ ਹੈ। ਦੇਸ਼ ਦੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਆਪਣੇ ਸੰਬੋਧਨ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਅਗਲੇ ਪੰਜ ਸਾਲ ਦਾ ਅਰਸਾ ਅਸਾਧਾਰਨ ਵਿਕਾਸ ਦਾ ਹੈ ਤੇ ਇਹ 2047 ਤੱਕ ਵਿਕਸਤ ਭਾਰਤ ਦੇ ਸੁਪਨੇ ਨੂੰ ਹਕੀਕੀ ਰੂਪ ਦੇਣ ਲਈ ਸੁਨਹਿਰੀ ਦੌਰ ਸਾਬਤ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਲੋਕਾਂ ਨੂੰ ਇਹ 'ਮੋਦੀ ਕੀ ਗਾਰੰਟੀ' ਹੈ ਕਿ ਦੇਸ਼ ਅਗਲੇ ਪੰਜ ਸਾਲਾਂ ਵਿੱਚ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣੇਗਾ। ਉਨ੍ਹਾਂ ਕਿਹਾ ਕਿ ਇਹ ਸਭ ਕੁਝ 'ਅਮ੍ਰਿਤ ਕਾਲ' (2047 ਤੱਕ ਦੀ ਮਿਆਦ) ਵਿੱਚ ਹੋਵੇਗਾ ਤੇ ਇਸ ਦਾ ਅਸਰ ਅਗਲੇ 1000 ਸਾਲਾਂ ਤੱਕ ਰਹੇਗਾ। ਅਗਾਮੀ ਸੂਬਾਈ ਅਸੈਂਬਲੀ ਚੋਣਾਂ ਤੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਓਬੀਸੀ ਭਾਈਚਾਰੇ ਦੇ ਮੈਂਬਰਾਂ ਤੱਕ ਰਸਾਈ ਲਈ ਸ੍ਰੀ ਮੋਦੀ ਨੇ 13000 ਕਰੋੜ ਤੋਂ 15000 ਕਰੋੜ ਰੁਪਏ ਦੀ ਮੈਗਾ ਸਕੀਮ 'ਵਿਸ਼ਵਕਰਮਾ ਯੋਜਨਾ' ਦਾ ਐਲਾਨ ਵੀ ਕੀਤਾ। ਯੋਜਨਾ ਤਹਿਤ ਰਵਾਇਤੀ ਹੁਨਰ ਜਿਵੇਂ ਤਰਖਾਣ, ਮਿਸਤਰੀ ਤੇ ਸੁਨਿਆਰੇ ਦੇ ਕੰਮ ਵਿੱਚ ਲੱਗੇ ਲੋਕਾਂ ਦੀ ਰੋਜ਼ੀ-ਰੋਟੀ ਨੂੰ ਹੁਲਾਰੇ ਲਈ ਮੌਕੇ ਮਿਲਣਗੇ। ਓਬੀਸੀ ਵਰਗ ਲਈ ਲਾਹੇਵੰਦੀ ਇਸ ਸਕੀਮ ਦਾ ਅਧਿਕਾਰਤ ਆਗਾਜ਼ 17 ਸਤੰਬਰ ਨੂੰ ਵਿਸ਼ਵਕਰਮਾ ਜੈਯੰਤੀ ਮੌਕੇ ਕੀਤਾ ਜਾਵੇਗਾ। ਨਸਲੀ ਹਿੰਸਾ ਦੇ ਝੰਬੇ ਮਨੀਪੁਰ ਦੇ ਹਾਲਾਤ ਦੀ ਗੱਲ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਹਾਲਾਤ ਸੁਧਰਨ ਲੱਗੇ ਹਨ ਤੇ ਸਮੱਸਿਆ ਦਾ ਹੱਲ ਸਿਰਫ਼ ਅਮਨ ਨਾਲ ਹੀ ਲੱਭਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, "ਪੂਰਾ ਦੇਸ਼ ਮਨੀਪੁਰ ਨਾਲ ਹੈ।" ਡੇਢ ਘੰਟੇ ਦੀ ਆਪਣੀ ਤਕਰੀਰ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ ਸਾਨੂੰ ਤਿੰਨ ਬੁਰਾਈਆਂ ਭ੍ਰਿਸ਼ਟਾਚਾਰ, ਪਰਿਵਾਰਵਾਦ ਦੀ ਸਿਆਸਤ ਤੇ ਤੁਸ਼ਟੀਕਰਨ ਦੀ ਰਾਜਨੀਤੀ ਖਿਲਾਫ਼ ਜੰਗ ਛੇੜਨੀ ਹੋਵੇਗੀ ਕਿਉਂਕਿ ਇਨ੍ਹਾਂ ਨੇ ਦੇਸ਼ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ, "ਘੁਣ ਵਾਂਗ ਭ੍ਰਿਸ਼ਟਾਚਾਰ ਨੇ ਦੇਸ਼ ਦੇ ਪੂਰੇ ਸਿਸਟਮ ਤੇ ਇਸ ਦੀਆਂ ਸਮਰੱਥਾਵਾਂ ਨੂੰ ਪੂਰੀ ਤਰ੍ਹਾਂ ਖੋਖਲਾ ਕਰ ਛੱਡਿਆ ਹੈ।" ਉਨ੍ਹਾਂ ਕਿਹਾ ਕਿ ਹਰੇਕ ਸੈਕਟਰ ਵਿੱਚ ਭ੍ਰਿਸ਼ਟਾਚਾਰ ਨਾਲ ਲੜਨਾ ਜ਼ਰੂਰੀ ਹੈ। ਸਾਲ 2047 ਤੱਕ ਭਾਰਤ ਨੂੰ ਵਿਕਸਤ ਬਣਾਉਣ ਲਈ 'ਨੇਕਨੀਅਤੀ, ਪਾਰਦਰਸ਼ਤਾ ਤੇ ਨਿਰਪੱਖਤਾ' ਜ਼ਿੰਦਗੀ ਦੇ ਹਰ ਖੇਤਰ ਵਿਚ ਜ਼ਰੂਰੀ ਹੈ। ਆਪਣੇ ਭਾਸ਼ਣ ਦੌਰਾਨ ਸ੍ਰੀ ਮੋਦੀ ਨੇ 140 ਕਰੋੜ ਭਾਰਤੀ ਨਾਗਰਿਕਾਂ ਨੂੰ ਘੱਟ-ਘੱਟ 50 ਵਾਰ ਆਪਣੇ 'ਪਰਿਵਾਰਜਨ' ਕਹਿ ਕੇ ਸੰਬੋਧਨ ਕੀਤਾ। ਇਸ ਤੋਂ ਪਹਿਲਾਂ 2014 ਤੋਂ ਹੁਣ ਤੱਕ 9 ਆਜ਼ਾਦੀ ਦਿਹਾੜਿਆਂ ਮੌਕੇ ਆਪਣੀ ਤਕਰੀਰ ਵਿੱਚ ਸ੍ਰੀ ਮੋਦੀ ਦੇਸ਼ਵਾਸੀਆਂ ਨੂੰ ਆਪਣੇ 'ਪਿਆਰੇ ਭਾਈਓ ਔਰ ਬਹਿਨੋਂ' ਜਾਂ ਫਿਰ 'ਮੇਰੇ ਪਿਆਰੇ ਦੇਸ਼ ਵਾਸੀਓ' ਕਹਿ ਕੇ ਸੰਬੋਧਨ ਕਰਦੇ ਰਹੇ ਹਨ। ਸ੍ਰੀ ਮੋਦੀ ਨੇ ਕਿਹਾ, "ਅਗਲੀ 15 ਅਗਸਤ ਨੂੰ ਮੈਂ ਇਸੇ ਲਾਲ ਕਿਲੇ ਤੋਂ ਦੇਸ਼ ਦੀਆਂ ਪ੍ਰਾਪਤੀਆਂ ਬਾਰੇ ਵਧੇਰੇ ਸਵੈ-ਵਿਸ਼ਵਾਸ ਨਾਲ ਗੱਲ ਕਰਾਂਗਾ।"



## ਟਰੂਡੋ ਨੂੰ ਮਾਨਵੀ ਹੱਕਾਂ ਦੇ ਸਨਮਾਨ ਦੇ ਆਧਾਰ 'ਤੇ ਭਾਰਤ ਨਾਲ ਵਪਾਰਕ ਸਮਝੌਤੇ ਕਰਨ ਦੀ ਅਪੀਲ

ਓਟਵਾ-ਕੈਨੇਡਾ ਵਿਚ ਮਾਨਵੀ ਹੱਕਾਂ ਅਤੇ ਧਾਰਮਿਕ ਗਰੁੱਪਾਂ ਦੇ ਇਕ ਗੱਠਜੋੜ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਕਿ ਉਹ ਭਾਰਤ ਵਿਚ ਮਾਨਵੀ ਹੱਕਾਂ ਦੀ ਵਧ ਰਹੀ ਉਲੰਘਣਾ ਦੀ ਨਿੰਦਾ ਕਰਨ ਅਤੇ ਭਾਰਤ ਨਾਲ ਕੋਈ ਵੀ ਵਪਾਰ ਜਾਂ ਨਿਵੇਸ਼ ਸਮਝੌਤੇ ਇਸ ਦੱਖਣੀ ਏਸ਼ੀਅਨ ਦੇਸ਼ ਵਿਚ ਕਮਜ਼ੋਰ ਕਮਿਊਨਿਟੀਜ਼ ਦੀ ਸੁਰੱਖਿਆ ਨੂੰ ਮੁੱਖ ਰੱਖ ਕੇ ਕੀਤਾ ਜਾਵੇ। ਇਸ ਨੇ ਕੈਨੇਡਾ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐੱਸਐੱਸ) ਦੇ ਪ੍ਰਭਾਵ ਵੱਲ ਵਧੇਰੇ ਧਿਆਨ ਦੇਣ ਦੀ ਚਿਤਾਵਨੀ ਦਿੱਤੀ ਹੈ ਜਿਸ ਵਿਚੋਂ ਭਾਰਤ ਦੀ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ ਉਭਰੀ ਸੀ। ਪੱਤਰ 'ਤੇ ਹਸਤਾਖਰ ਕਰਨ ਵਾਲਿਆਂ ਵਿਚ ਜਸਟਿਸ ਫਾਰ ਆਲ ਕੈਨੇਡਾ ਜਿਹੜਾ ਸਤਾਏ ਗਏ ਮੁਸਲਿਮ ਘੱਟਗਿਣਤੀ ਕਮਿਊਨਿਟੀਜ਼ ਦੀ ਵਕਾਲਤ ਕਰਦਾ ਹੈ ਅਤੇ ਸਾਊਥ ਏਸ਼ੀਅਨ ਡਾਇਸਪੋਰਾ ਐਕਸ਼ਨ ਕੁਲੈਕਟਿਵ ਸ਼ਾਮਿਲ ਹੈ।



## ਕੈਬਨਿਟ ਮੰਤਰੀਆਂ ਨੂੰ ਖਰਚਾ ਯੋਜਨਾਵਾਂ ਵਿਚ 15 ਅਰਬ ਡਾਲਰ ਦੀ ਕਟੌਤੀ ਕਰਨ ਲਈ ਦਿੱਤਾ 2 ਅਕਤੂਬਰ ਤਕ ਦਾ ਸਮਾਂ

ਓਟਵਾ-ਗਲੋਬ ਐਂਡ ਮੇਲ ਵਲੋਂ ਪ੍ਰਾਪਤ ਕੀਤੇ ਪੱਤਰ ਮੁਤਾਬਿਕ ਫੈਡਰਲ ਮੰਤਰੀਆਂ ਨੂੰ ਮੌਜੂਦਾ ਖਰਚਾ ਯੋਜਨਾਵਾਂ ਵਿਚੋਂ ਲਗਪਗ 15 ਅਰਬ ਡਾਲਰ ਦੀ ਕਟੌਤੀ ਕਰਨ ਦੀ ਕੋਸ਼ਿਸ਼ ਦੇ ਹਿੱਸੇ ਵਜੋਂ ਖ਼ਾਸ ਕਟੌਤੀ ਲਈ 2 ਅਕਤੂਬਰ ਤਕ ਦਾ ਸਮਾਂ ਦਿੱਤਾ ਹੈ। ਟਰੱਜ਼ਰੀ ਬੋਰਡ ਦੀ ਨਵੀਂ ਪ੍ਰਧਾਨ ਅਨੀਤਾ ਅਨੰਦ ਨੇ ਕੈਬਨਿਟ ਮੰਤਰੀਆਂ ਨੂੰ ਲਿਖੇ ਪੱਤਰ ਵਿਚ ਸਮੇਂ ਦੀ ਹੱਦ ਦਿੱਤੀ ਹੈ ਜਿਸ ਦਾ ਮਤਲਬ ਨਵੀਂ ਭੂਮਿਕਾ ਵਾਲੇ ਕਈ ਮੰਤਰੀਆਂ ਕੋਲ ਕਟੌਤੀਆਂ ਨੂੰ ਲੱਭਣ ਲਈ ਕੁਝ ਹਫ਼ਤੇ ਦਾ ਸਮਾਂ ਹੈ ਜਿਨ੍ਹਾਂ ਦਾ 2023 ਦੇ ਬਜਟ ਵਿਚ ਵਾਅਦਾ ਕੀਤਾ ਗਿਆ ਸੀ। 28 ਮਾਰਚ ਦੇ ਬਜਟ ਵਿਚ ਸਲਾਹ ਮਸ਼ਵਰੇ, ਪੇਸ਼ੇਵਰ ਸੇਵਾਵਾਂ ਅਤੇ ਪੰਜ ਸਾਲਾਂ ਵਿਚ ਯਾਤਰਾ ਤੇ ਅਖਤਿਆਰੀ ਖਰਚਿਆਂ ਵਿਚ 15 ਫ਼ੀਸਦੀ ਕਟੌਤੀ ਨਾਲ ਪੰਜ ਸਾਲਾਂ ਵਿਚ 7.1 ਅਰਬ ਡਾਲਰ ਦੀ ਬਚਤ ਕਰਨ ਦੇ ਟੀਚੇ ਦਾ ਐਲਾਨ ਕੀਤਾ ਗਿਆ ਸੀ। ਇਸ ਨੇ ਚਾਰ ਸਾਲਾਂ ਵਿਚ 7 ਅਰਬ ਡਾਲਰ ਦੀ ਬਚਤ ਕਰਨ ਦੇ ਨਿਸ਼ਾਨੇ ਨਾਲ 2026-27 ਤਕ ਵਿਭਾਗਾਂ ਤੇ ਏਜੰਸੀਆਂ ਦੇ ਖਰਚੇ ਵਿਚ ਤਿੰਨ ਫ਼ੀਸਦੀ ਕਟੌਤੀ ਦੇ ਯੋਜਨਾਬੱਧ ਪੜਾਅ ਦਾ ਵੀ ਐਲਾਨ ਕੀਤਾ ਸੀ। ਦੋਵਾਂ ਯੋਜਨਾਵਾਂ ਨਾਲ ਭਵਿੱਖ ਦੇ ਸਾਲਾਂ ਵਿਚ ਬਚਤ ਹੋਣ ਦੀ ਆਸ ਹੈ। ਇਹ ਪੱਤਰ ਕੈਬਨਿਟ ਰੀਟਰੀਟ ਤੋਂ ਕੁਝ ਦਿਨ ਪਹਿਲਾਂ ਭੇਜਿਆ ਗਿਆ ਹੈ ਜਿਹੜੀ ਅਗਲੇ ਹਫ਼ਤੇ ਚਾਰਲਟਟਾਊਨ ਵਿਚ ਹੋਣ ਵਾਲੀ ਹੈ।







# ਪੰਜਾਬ ਨੂੰ ਮੋਹਰੀ ਸੂਬਾ ਬਣਾਉਣਾ ਤਰਜੀਹ-ਭਗਵੰਤ ਮਾਨ

## ਪਟਿਆਲਾ ਵਿਚ ਆਜ਼ਾਦੀ ਦਿਹਾੜੇ ਤੇ ਰਾਜ ਪੱਧਰੀ ਸਮਾਗਮ



ਪਟਿਆਲਾ-ਆਜ਼ਾਦੀ ਦਿਹਾੜੇ ਮੌਕੇ ਇੱਥੋਂ ਦੇ ਪੋਲੋ ਗਰਾਊਂਡ ਵਿੱਚ ਹੋਏ ਸੂਬਾਈ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਝੰਡਾ ਲਹਿਰਾਇਆ। ਉਨ੍ਹਾਂ ਮਾਰਚ ਪਾਸਟ ਤੋਂ ਸਲਾਮੀ ਲਈ ਤੇ ਸੱਭਿਆਚਾਰਕ ਪ੍ਰੋਗਰਾਮ ਦਾ ਆਨੰਦ ਵੀ ਮਾਣਿਆ। ਇਸ ਮੌਕੇ ਤਿੰਨ ਸੁਤੰਤਰਤਾ ਸੈਨਾਨੀਆਂ ਸਮੇਤ ਕਈ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਮੁੱਖ ਮੰਤਰੀ ਨੇ ਜਿਥੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ, ਉੱਥੇ ਹੀ ਅਗਲੇ ਆਜ਼ਾਦੀ ਦਿਹਾੜੇ ਤੱਕ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦਾ ਸੰਕਲਪ ਵੀ ਲਿਆ। ਭਗਵੰਤ ਮਾਨ ਨੇ ਕਿਹਾ ਕਿ ਦੇਸ਼ ਅਜੇ ਵੀ ਭ੍ਰਿਸ਼ਟਾਚਾਰ, ਗਰੀਬੀ ਤੇ ਬੇਰੁਜ਼ਗਾਰੀ ਦੇ ਜੰਜ਼ਾਲ ਵਿੱਚ ਜਕੜਿਆ ਹੋਇਆ ਹੈ ਪਰ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਵੀ 'ਆਪ' ਸਰਕਾਰ ਦਾ ਅਹਿਮ ਏਜੰਡਾ ਹੈ। ਇਸ ਮੌਕੇ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ, ਡੀਜੀਪੀ ਗੌਰਵ ਯਾਦਵ, ਡੀਸੀ ਸਾਕਸ਼ੀ ਸਾਹਨੀ, ਆਈਜੀ ਮੁਖਵਿੰਦਰ ਛੀਨਾ ਤੇ ਐੱਸਐੱਸਪੀ ਵਰੁਣ ਸ਼ਰਮਾ ਸਮੇਤ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਆਜ਼ਾਦੀ ਘੁਲਾਟੀਆਂ, ਸ਼ਹੀਦਾਂ ਅਤੇ ਕੌਮੀ ਨਾਇਕਾਂ ਦੇ ਸੁਫ਼ਨੇ ਸਾਕਾਰ ਕਰਨ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਵਿਚ ਪੈਦਾਇਸ਼ੀ ਤੌਰ 'ਤੇ ਅਗਵਾਈ ਕਰਨ ਦੀ ਕਾਬਲੀਅਤ ਹੈ ਪਰ ਇਨ੍ਹਾਂ ਦੀ ਬੇਅੰਤ ਊਰਜਾ ਨੂੰ ਪ੍ਰਫੁੱਲਤ ਕਰਨ ਲਈ ਸੂਬਾ ਸਰਕਾਰ ਵੱਡੇ ਉਪਰਾਲੇ ਕਰ ਰਹੀ ਹੈ ਤੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੀ ਸਰਕਾਰ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਵੱਲੋਂ ਨਿਭਾਈ ਗਈ ਭੂਮਿਕਾ ਕੁਰਬਾਨੀ ਦੀ ਅਜਿਹੀ ਮਿਸਾਲ ਹੈ, ਜਿਸ ਦਾ ਦੁਨੀਆ ਭਰ ਵਿੱਚ ਕੋਈ ਸਾਨੀ ਨਹੀਂ। ਆਧੁਨਿਕ ਭਾਰਤ ਦੀ ਸਿਰਜਣਾ ਵਿੱਚ ਪੰਜਾਬੀਆਂ ਦੀ ਸ਼ਾਨਦਾਰ ਭੂਮਿਕਾ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਜਿਥੇ ਮਿਹਨਤਕਸ਼ ਕਿਸਾਨਾਂ ਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਉਥੇ ਹੀ ਅੱਜ ਵੀ ਪੰਜਾਬ ਦੇ ਬਹਾਦਰ ਲੋਕ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਸਮੇਤ ਦੇਸ਼ ਦੇ ਸਰਬਪੱਖੀ ਵਿਕਾਸ ਦੇ ਯੁੱਗ ਦੀ ਸ਼ੁਰੂਆਤ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਨ। ਦੇਸ਼ ਦੇ ਬਟਵਾਰੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੰਗਰੇਜ਼ਾਂ ਵੱਲੋਂ ਖਿੱਚੀ ਗਈ ਲਕੀਰ ਕਾਰਨ 10 ਲੱਖ ਲੋਕ ਹਿਜਰਤ ਕਰ ਗਏ ਸਨ ਤੇ ਅਨੇਕਾਂ ਜਾਨਾਂ ਸਮੇਤ ਪੰਜਾਬੀਆਂ ਨੂੰ ਡੂੰਘੇ ਜ਼ਖ਼ਮ ਮਿਲੇ। ਉਨ੍ਹਾਂ ਵੱਖ ਵੱਖ ਹਵਾਲਿਆਂ ਨਾਲ ਕੈਪਟਨ ਅਮਰਿੰਦਰ ਸਿੰਘ ਸਮੇਤ ਉਨ੍ਹਾਂ ਦੇ ਪੁਰਖਿਆਂ ਨੂੰ ਵੀ ਕੋਸਿਆ। ਹਾਲ ਹੀ 'ਚ ਐਲਾਨੀਆਂ ਗਈਆਂ ਪੰਚਾਇਤੀ ਚੋਣਾਂ ਦੇ ਹਵਾਲੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਸਟੇਜ ਤੋਂ ਲੋਕਾਂ ਨੂੰ ਇਨ੍ਹਾਂ ਚੋਣਾਂ ਨੂੰ ਸਿਆਸੀ ਪਰਛਾਵੇਂ ਤੋਂ ਮੁਕਤ ਰੱਖਣ ਦੀ ਅਪੀਲ ਕਰਦਿਆਂ ਸਰਪੰਚਾਂ ਸਮੇਤ ਸਮੁੱਚੀਆਂ ਪੰਚਾਇਤਾਂ ਦੀ ਚੋਣ ਸਰਬਸੰਮਤੀ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਿਹੜੇ ਪਿੰਡ ਸਰਬਸੰਮਤੀ ਨਾਲ ਸਰਪੰਚ ਚੁਣਨਗੇ, ਸੂਬਾ ਸਰਕਾਰ ਵੱਲੋਂ ਉਨ੍ਹਾਂ ਨੂੰ ਪੰਜ ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਦਿੱਤੀ ਜਾਵੇਗੀ।

## ਮੁਤਵਾਜ਼ੀ ਜਥੇਦਾਰ ਮੰਡ ਵਲੋਂ ਭਗਵੰਤ ਮਾਨ ਤਨਖਾਹੀਆ ਕਰਾਰ

ਸਫ਼ਾ 1 ਦੀ ਬਾਕੀ

ਸਮੁੱਚੇ ਖਾਲਸਾ ਪੰਥ ਅਤੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਜਦੋਂ ਤੱਕ ਭਗਵੰਤ ਮਾਨ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮੁਆਫ਼ੀ ਨਹੀਂ ਮੰਗਦੇ, ਉਨ੍ਹਾਂ ਨੂੰ ਕਿਸੇ ਪੰਥਕ ਸਮਾਗਮ ਜਾ ਗੁਰਦੁਆਰੇ ਦੀ ਸਟੇਜ ਤੋਂ ਬੋਲਣ ਨਾ ਦਿਤਾ ਜਾਵੇ ਅਤੇ ਨਾ ਹੀ ਸਿਰੋਪਾ ਦਿੱਤਾ ਜਾਵੇ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿੱਚ ਗੁਰਬਾਣੀ ਸੋਧ ਬਿਲ ਪਾਸ ਕੀਤਾ ਸੀ। ਇਸ ਤੋਂ ਇਲਾਵਾ ਸਿੱਖ ਆਗੂ ਦੀ ਦਸਤਾਰ ਦਾ ਵੀ ਮਜ਼ਾਕ ਉਡਾਇਆ ਸੀ, ਜਿਸ ਨੂੰ ਮੁਤਵਾਜ਼ੀ ਜਥੇਦਾਰ ਵੱਲੋਂ ਗੰਭੀਰਤਾ ਨਾਲ ਲਿਆ ਗਿਆ। ਜ਼ਿਕਰਯੋਗ ਹੈ ਕਿ ਮੁਤਵਾਜ਼ੀ ਜਥੇਦਾਰ ਵਲੋਂ ਕੋਟਕਪੂਰਾ ਤੇ ਬਰਗਾੜੀ ਬੇਅਦਬੀ ਅਤੇ ਗੋਲੀ ਕਾਂਡ ਮਾਮਲੇ ਵਿੱਚ ਉਸ ਵੇਲੇ ਦੀ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਸਾਬਕਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਜਾ ਚੁੱਕਾ ਹੈ। ਇਸ ਮੌਕੇ ਪੰਜ ਪਿਆਰਿਆਂ ਵਜੋਂ ਬਾਬਾ ਹਰਬੰਸ ਸਿੰਘ, ਬਾਬਾ ਹਿੰਮਤ ਸਿੰਘ, ਭਾਈ ਮੋਹਨ ਸਿੰਘ ,ਭਾਈ ਅਮਰਜੀਤ ਸਿੰਘ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸਿੱਖ ਆਗੂ ਜਰਨੈਲ ਸਿੰਘ ਸਖੀਰਾ ਤੇ ਹੋਰ ਵੀ ਹਾਜ਼ਰ ਸਨ।









# ਆਜ਼ਾਦ ਭਾਰਤ ਦੀ ਅਸਲ ਤਸਵੀਰ...

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਦਾ ਆਜਾਦੀ ਦਿਵਸ ਹਰ ਸਾਲ 15 ਅਗਸਤ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਤੇ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ । ਭਾਰਤ ਦੀ ਆਜਾਦੀ ਦਾ ਇਤਿਹਾਸ ਬਹੁਤ ਹੀ ਕੁਰਬਾਨੀਆਂ ਭਰਿਆ ਤੇ ਅੰਗਰੇਜੀ ਸਾਸ਼ਕਾਂ ਦੇ ਜਬਰ ਜੁਲਮ ਖਿਲਾਫ ਭਾਰਤੀ ਸਪੂਤਾਂ ਵਲੋਂ ਆਪਣੇ ਖੂਨ ਨਾਲ ਲਿਖਿਆ ਇਤਿਹਾਸ ਹੈ। ਇਤਿਹਾਸ ਦੇ ਇਹਨਾਂ ਪੰਨਿਆਂ ਵਿਚ ਮਹਾਤਮਾ ਗਾਂਧੀ ਦਾ ਸ਼ਾਂਤਮਈ ਅੰਦੋਲਨ, ਸੁਭਾਸ਼ ਚੰਦਰ ਬੋਸ ਤੇ ਸਰਦਾਰ ਭਗਤ ਸਿੰਘ ਵਰਗੇ ਅਨੇਕਾਂ ਯੋਧਿਆਂ ਤੇ ਆਜਾਦੀ ਪ੍ਰਵਾਨਿਆਂ ਦਾ ਜਿਕਰੇ ਖਾਸ ਹੈ ਜਿਹਨਾਂ ਦੀ ਬਦੌਲਤ ਭਾਰਤ ਦੇ ਲੋਕਾਂ ਨੇ ਆਜਾਦੀ ਦੇ ਸੂਰਜ ਨੂੰ ਤੱਕਿਆ ਪਰ ਇਸਦੇ ਨਾਲ ਹੀ ਦੇਸ਼ ਦੀ ਵੰਡ ਦਾ ਉਹ ਦੁਖਦਾਈ ਮੰਜ਼ਰ ਵੀ ਵੇਖਿਆ ਜਦੋਂ ਲੱਖਾਂ ਅਣਭੋਲ ਲੋਕ ਫਿਰਕੂ ਨਫਰਤ ਦੀ ਭੇਟ ਚੜ ਗਏ ਤੇ ਕਰੋੜਾਂ ਲੋਕਾਂ ਨੂੰ ਉਜਾੜੇ ਦਾ ਸੰਤਾਪ ਭੋਗਦਿਆਂ ਸਮੇਂ ਦੇ ਹਾਕਮਾਂ ਤੇ ਬੇਈਮਾਨ ਸਿਆਸਤਦਾਨਾਂ ਵਲੋਂ ਧਰਤੀ ਦੀ ਹਿੱਕ ਉਪਰ ਰਾਤੋ ਰਾਤ ਖਿੱਚੀ ਲੀਕ ਦੇ ਆਰ-ਪਾਰ ਹੋਣ ਲਈ ਅਕਹਿ ਦੁਸ਼ਵਾਰੀਆਂ ਦੇ ਰੂਬਰੂ ਹੋਣਾ ਪਿਆ।

ਇਤਿਹਾਸ ਦੀਆਂ ਪੁਸਤਕਾਂ ਦੇ ਪੰਨੇ ਦਸਦੇ ਹਨ ਕਿ ਕਿਵੇਂ 1757 ਵਿੱਚ ਪਲਾਸੀ ਦੀ ਲੜਾਈ ਵਿੱਚ, ਈਸਟ ਇੰਡੀਆ ਕੰਪਨੀ ਨੇ ਬੰਗਾਲ ਦੇ ਨਵਾਬ ਸਿਰਾਜ- ਉਦ ਦੌਲਾ ਨੂੰ ਹਰਾਕੇ ਭਾਰਤ ਵਿਚ ਅੰਗਰੇਜ਼ ਰਾਜ ਦੀ ਨੀਂਹ ਰੱਖੀ ਸੀ । ਲਗਪਗ ਸੌ ਸਾਲ ਬਾਦ ਅੰਗਰੇਜ 1849 ਵਿਚ ਪੰਜਾਬ ਉਪਰ ਕਾਬਜ਼ ਹੋਣ ਵਿਚ ਸਫਲ ਹੋਏ। ਭਾਰਤੀਆਂ ਵਲੋਂ ਅੰਗਰੇਜਾਂ ਖਿਲਾਫ 1857 ਵਿੱਚ ਆਜਾਦੀ ਦੀ ਪਹਿਲੀ ਲੜਾਈ ਵਜੋਂ ਵਿਦਰੋਹ ਕੀਤਾ ਤੇ ਆਖਰ ਇਕ ਸਦੀ ਹੋਰ ਲੰਬੀ ਜਦੋਜਹਿਦ ਬਾਦ ਅੰਗਰੇਜਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਕਰ ਦਿੱਤਾ ਗਿਆ। ਪਰ ਜਾਂਦੇ ਜਾਂਦੇ ਆਖਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੇ 15 ਅਗਸਤ, 1947 ਨੂੰ ਭਾਰਤ ਨੂੰ ਦੋ ਨਵੇਂ ਮੁਲਕਾਂ, ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਦਿੱਤਾ।

ਇਸ ਖੂਨੀ ਵੰਡ ਦੌਰਾਨ 5 ਤੋਂ 10 ਲੱਖ ਦੇ ਕਰੀਬ ਲੋਕ ਮਾਰੇ ਗਏ ਸਨ ਤੇ ਅੰਦਾਜ਼ਨ 2-3 ਕਰੋੜ ਲੋਕਾਂ ਨੂੰ ਨਵੀਂ ਬਣਾਈ ਸਰਹੱਦ ਦੇ ਆਰ ਪਾਰ ਸ਼ਰਨਾਰਥੀ ਬਣਨ ਲਈ ਮਜ਼ਬੂਰ ਹੋਣਾ ਪਿਆ।

ਭਾਰਤ ਹੁਣ ਆਪਣਾ 77ਵਾਂ ਆਜਾਦੀ ਦਿਵਸ ਮਨਾ ਰਿਹਾ ਹੈ। ਪੌਣੀ ਸਦੀ ਦੀ ਆਜਾਦੀ ਦੌਰਾਨ ਭਾਰਤ ਨੇ ਹਰ ਖੇਤਰ ਵਿਚ ਅਨੇਕਾਂ ਪ੍ਰਾਪਤੀਆਂ ਕੀਤੀਆਂ ਹਨ ਪਰ ਇਹ ਪ੍ਰਾਪਤੀਆਂ ਮੁਲਕ ਦੀ ਪੂਰੀ ਆਬਾਦੀ ਲਈ ਤਸੱਲੀਬਖਸ਼ ਨਹੀ ਹਨ। ਉਹਨਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਵਾਲੀਆਂ ਨਹੀ ਹਨ। ਗਰੀਬੀ, ਬੇਰੁਜਗਾਰੀ ਦੇ ਨਾਲ ਸਿਹਤ ਸਹੂਲਤਾਂ ਅਤੇ ਆਰਥਿਕ ਵਸੀਲਿਆਂ ਵਿਚ ਕਾਣੀ ਵੰਡ ਹੈ। ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਭ੍ਰਿਸ਼ਟਾਚਾਰ ਦੀ ਸਿਊਂਕ ਸਿਸਟਮ ਦੇ ਹਰ ਦਰਵਾਜੇ ਤੇ ਬਾਰੀ ਨੂੰ ਖੋਖਲਾ ਕਰੀ ਬੈਠੀ ਹੈ। ਰਾਜਸੱਤਾ ਉਪਰ ਕਾਬਜ਼ ਆਗੂਆਂ ਦੇ ਦਾਅਵੇ ਕੁਝ ਹੋਰ ਹਨ, ਕਰਦੇ ਕੁਝ ਹੋਰ ਹਨ।

ਉਂਜ ਅੰਕੜੇ ਬੋਲਦੇ ਹਨ ਕਿ ਅੰਗਰੇਜ਼ਾਂ ਦੇ ਜਾਣ ਸਮੇਂ ਭਾਵ 1947 ਤੋਂ ਪਹਿਲਾਂ ਮੁਲਕ ਵਿਚ ਵਿਅਕਤੀ ਦੀ ਔਸਤ ਜੀਵਨ ਸੰਭਾਵਨਾ ਉਮਰ ਪੁਰਸ਼ਾਂ ਲਈ ਸਿਰਫ 37 ਸਾਲ ਅਤੇ ਔਰਤਾਂ ਲਈ 36 ਸਾਲ ਸੀ। ਸਿਰਫ਼ 12% ਭਾਰਤੀ ਪੜ੍ਹੇ-ਲਿਖੇ ਸਨ। ਦੇਸ਼ ਦੀ ਜੀਡੀਪੀ 20 ਬਿਲੀਅਨ ਡਾਲਰ ਸੀ। ਜਦੋਂਕਿ ਇਸ ਸਮੇਂ ਭਾਰਤ ਦੀ ਲਗਭਗ 3 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਤੇ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੀ ਅਰਥਵਿਵਸਥਾ ਵਿੱਚੋਂ ਇੱਕ ਹੈ। ਵਿਸ਼ਵ ਬੈਂਕ ਨੇ ਭਾਰਤ ਨੂੰ ਘੱਟ-ਆਮਦਨੀ ਤੋਂ ਮੱਧ-ਆਮਦਨੀ ਵਰਗ ਵਾਲੇ ਮੁਲਕਾਂ ਵਿਚ ਰੱਖਿਆ ਹੈ। ਇਸ ਸਮੇਂ ਪ੍ਰਤੀ ਵਿਅਕਤੀ ਆਮਦਨ 1,036 ਡਾਲਰ ਤੋਂ 12,535 ਡਾਲਰ ਦੇ ਵਿਚਕਾਰ ਹੈ।

ਸਾਖਰਤਾ ਦਰ ਵੀ ਮਰਦਾਂ ਲਈ 74% ਅਤੇ ਔਰਤਾਂ ਦੀ 65% ਹੈ ਅਤੇ ਔਸਤ ਜੀਵਨ ਸੰਭਾਵਨਾ ਉਮਰ ਹੁਣ 70 ਸਾਲ ਹੈ। ਭਾਰਤੀ ਡਾਇਸਪੋਰਾ ਵਿਦੇਸ਼ਾਂ ਵਿਚ ਦੂਰ-ਦੂਰ ਤੱਕ ਫੈਲਿਆ ਹੋਇਆ ਹੈ। ਅੰਤਰਰਾਸ਼ਟਰੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਚੀਨ ਵਰਗੇ ਮੁਲਕ ਤੋਂ ਬਾਦ ਸਭ ਤੋਂ ਵਧ ਹੈ। ਭਾਰਤੀਆਂ ਦੀਆਂ ਵਿਦੇਸ਼ਾਂ ਵਿਚ ਅਹਿਮ ਪ੍ਰਾਪਤੀਆਂ ਵਿਚ ਗੂਗਲ ਦੇ ਮੁੱਖ ਕਾਰਜਕਾਰੀ ਸੁੰਦਰ ਪਿਚਾਈ, ਮਾਈਕ੍ਰੋਸਾਫਟ ਦੇ ਸੀਈਓ ਸੱਤਿਆ ਨਡੇਲਾ ਅਤੇ ਟਵਿੱਟਰ ਦੇ ਮੁਖੀ ਪਰਾਗ ਅਗਰਵਾਲ ਸਮੇਤ ਦੁਨੀਆ ਦੀਆਂ ਕਈ ਵੱਡੀਆਂ ਤਕਨੀਕੀ ਕੰਪਨੀਆਂ ਵਿੱਚ ਸੀਨੀਅਰ ਅਹੁਦਿਆਂ ਉਪਰ ਕਾਬਜ਼ ਹਨ । 1990 ਦੇ ਦਹਾਕੇ ਤੋਂ ਬਾਦ ਦੁਨੀਆ ਦੇ ਮਹਾਨ ਅਰਥ ਸ਼ਾਸਤਰੀ ਡਾ ਮਨਮੋਹਣ ਸਿੰਘ ਵਲੋਂ ਲਿਆਂਦੀਆਂ ਗਈ ਉਦਾਰ ਆਰਥਿਕ ਨੀਤੀਆਂ ਸਦਕਾ ਭਾਰਤ ਦਾ ਤੇਜੀ ਨਾਲ ਵਿਕਾਸ ਕਰ ਰਹੀਆਂ ਆਰਥਿਕ ਸ਼ਕਤੀਆਂ ਵਿਚ ਹੋਇਆ ਹੈ। ਅੱਜ ਆਰਥਿਕ ਰਾਜਧਾਨੀ ਮੁੰਬਈ, ਚੇਨਈ ਅਤੇ ਹੈਦਰਾਬਾਦ ਸਮੇਤ ਵੱਡੇ ਸ਼ਹਿਰਾਂ ਵਿੱਚ ਅਮਰੀਕੀ, ਜਾਪਾਨੀ ਅਤੇ ਦੱਖਣ-ਪੂਰਬੀ ਏਸ਼ੀਆਈ ਫਰਮਾਂ ਨੇ ਵੱਡਾ ਨਿਵੇਸ਼ ਕੀਤਾ ਹੈ। ਦੱਖਣੀ ਭਾਰਤ ਦੇ ਸ਼ਹਿਰ ਬੇਂਗਲੁਰੂ ਨੂੰ □ਭਾਰਤ ਦੀ ਸਿਲੀਕਾਨ ਵੈਲੀ□ ਕਿਹਾ ਜਾਂਦਾ ਹੈ । ਵਿਸ਼ਵ ਦੇ ਅਰਬਪਤੀਆਂ ਦੀ ਗਿਣਤੀ ਵਿਚ 100 ਭਾਰਤੀਆਂ ਦਾ ਨਾਮ ਦਰਜ ਹੈ। ਫੋਰਬਸ ਦੀ ਰਿਪੋਰਟ ਮੁਤਾਬਿਕ ਕਾਰੋਬਾਰੀ ਗੌਤਮ ਅਡਾਨੀ ਦੀ ਕੁੱਲ ਜਾਇਦਾਦ £ 130 ਬਿਲੀਅਨ ਡਾਲਰ ਅਤੇ ਰਿਲਾਇੰਸ ਇੰਡਸਟਰੀਜ਼ ਦੇ ਸੰਸਥਾਪਕ ਮੁਕੇਸ਼ ਅੰਬਾਨੀ ਦੀ ਕੁਲ ਜਾਇਦਾਦ 95 ਬਿਲੀਅਨ ਡਾਲਰ ਤੋਂ ਵੱਧ ਹੈ।

ਭਾਰਤ ਨੇ ਆਰਥਿਕ ਖੇਤਰ ਵਿਚ ਵੱਡੀਆਂ ਉਪਲਬਧੀਆਂ ਤਾਂ ਕੀਤੀਆਂ ਹਨ ਪਰ ਇਸਦੇ ਨਾਲ ਭਾਰਤ ਦੀ ਕਰੋੜਾਂ ਦੀ ਆਬਾਦੀ ਅੱਜ ਵੀ ਗਰੀਬੀ ਦੇ ਪੁੜਾਂ ਹੇਠ ਪਿਸ ਰਹੀ ਹੈ। ਵਿਸ਼ਵ ਬੈਂਕ ਦੇ 2017 ਦੇ ਅੰਕੜਿਆਂ ਮੁਤਾਬਿਕ ਭਾਰਤ ਦੇ ਲਗਭਗ 1 ਅਰਬ 30 ਕਰੋੜ ਲੋਕਾਂ ਵਿੱਚੋਂ ਲਗਭਗ 60% ਲੋਕ ਇੱਕ ਦਿਨ ਵਿੱਚ 3 ਡਾਲਰ ਦੇ ਕਰੀਬ ਉਜਰਤ ਨਾਲ ਗੁਜਾਰਾ ਕਰ ਰਹੇ ਸਨ। ਗਰੀਬੀ ਤੇ ਭੁੱਖਮਰੀ ਦੇ ਨਾਲ ਸਮਾਜਿਕ ਸਮੱਸਿਆਵਾਂ ਵੀ ਢੇਰਾਂ ਹਨ। ਭਾਰਤ ਵਿਚ ਬਸਤੀਵਾਦ ਦੇ ਅੰਤ ਤੋਂ ਬਾਅਦ ਵੀ ਅਮੀਰ ਗਰੀਬ ਦਾ ਪਾੜਾ ਸਿਖਰ ਤੇ ਹੈ। ਬਲਕਿ ਇਸ ਪਾੜੇ ਵਿਚ ਹੋਰ ਵਾਧਾ ਹੋਇਆ ਹੈ। ਇਕ ਹੋਰ ਰਿਪੋਰਟ ਮੁਤਾਬਿਕ ਦੇਸ਼ ਦੇ ਸਭ ਤੋਂ ਅਮੀਰ 10% ਲੋਕ ਦੇਸ਼ ਦੀ ਦੌਲਤ ਦੇ ਕੁਲ 80% ਹਿੱਸੇ ਉਪਰ ਕਬਜਾ ਕਰੀ ਬੈਠੇ ਹਨ। ਮਹਾਂਨਗਰਾਂ ਦੀਆਂ ਗਗਨਚੁੰਬੀ ਇਮਾਰਤਾਂ ਦੇ ਹੇਠਾਂ ਝੁੱਗੀ-ਝੌਂਪੜੀਆਂ ਵਾਲੇ ਸਲੱਮ ਇਲਾਕੇ ਅਤੇ ਫੁੱਟਪਾਥ ਉਪਰ ਫਟੇ ਹੋਏ ਕੱਪੜੇ ਪਹਿਨੇ ਭੀਖ ਮੰਗਦੇ ਬੱਚੇ ਦੇਸ਼ ਦੇ ਹਾਕਮਾਂ ਦੇ ਦਾਅਵਿਆਂ ਦਾ ਮੂੰਹ ਚਿੜਾਉਂਦੇ ਹਨ।




ਸਮਾਜਿਕ ਤੌਰ ਤੇ ਵੀ ਮੁਲਕ ਦੇ ਪਿਛੜੇਪਣ ਦੀ ਨਿਸ਼ਾਨਦੇਹੀ ਕਰਨ ਲਈ ਔਰਤਾਂ ਨਾਲ ਵਿਤਕਰਾ, ਲਿੰਗ ਭੇਦ ਅਤੇ ਫਿਰਕੂ ਨਫਰਤ ਕਾਰਣ ਵਾਪਰ ਵਾਲੀਆਂ ਘਟਨਾਵਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਔਰਤਾਂ ਨੂੰ ਅੱਜ ਵੀ ਵਿਆਪਕ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਔਰਤਾਂ ਵਿਰੁੱਧ ਹਿੰਸਾ ਦੇ ਮਾਮਲਿਆਂ ਵਿਚ ਨਿੱਤ ਦਿਨ ਬਲਾਤਕਾਰ ਦੀਆਂ ਸ਼ਰਮਨਾਕ ਘਟਨਾਵਾਂ ਵਾਪਰਦੀਆਂ ਹਨ ਪਰ ਸਮਾਜਿਕ ਟੈਬੂ ਕਾਰਣ ਉਹਨਾਂ ਦੀ ਰਿਪੋਰਟ ਨਹੀ ਕੀਤੀ ਜਾਂਦੀ। ਫਿਰਕੂ ਨਫਰਤ ਤੇ ਫਿਰਕੂ ਫਸਾਦ ਦੀਆਂ ਘਟਨਾਵਾਂ ਅੱਜ ਵੀ ਪਿੰਡਾਂ, ਸ਼ਹਿਰਾਂ ਤੇ ਇਥੋ ਤੱਕ ਕਿ ਦੇਸ਼ ਦੀ ਰਾਜਧਾਨੀ ਵਿਚ ਵੀ ਵਾਪਰਦੀਆਂ ਦਿਖਾਈ ਦੇ ਰਹੀਆਂ ਹਨ। ਸਿਆਸੀ ਪਾਰਟੀਆਂ ਦੇ ਆਗੂ ਤੇ ਰਾਜਸੱਤਾ ਉਪਰ ਕਾਬਜ਼ ਹਾਕਮ ਬੜੀ ਬੇਸ਼ਰਮੀ ਨਾਲ ਫਿਰਕੂ ਨਫਰਤ ਦੀ ਚਿੰਗਾਰੀ ਨੂੰ ਭਾਂਬੜ ਮਚਾਉਣ ਵਿਚ ਕੋਈ ਕਸਰ ਨਹੀ ਛੱਡਦੇ। ਤਾਜਾ ਘਟਨਾਵਾਂ ਵਿਚ ਮਨੀਪੁਰ ਵਿਚ ਔਰਤਾਂ ਦੀ ਨੂੰ ਨਿਰਵਸਤਰ ਕਰਨ ਤੋਂ ਲੈਕੇ ਸਮੂਹਿਕ ਕਤਲ ਅਤੇ ਫਿਰਕੂ ਹਿੰਸਾ ਦਾ ਨੰਗ ਨਾਚ ਸਭ ਦੇ ਸਾਹਮਣੇ ਹੈ ਪਰ ਹਾਕਮ ਹਨ ਕਿ ਅੱਖਾਂ ਮੀਚੀ ਬਿਆਨ ਦਾਗ ਰਹੇ ਹਨ ਕਿ ਉਹਨਾਂ ਦਾ ਇਹ ਯਕੀਨ ਹੈ ਕਿ ਸ਼ਾਂਤੀ ਦਾ ਸੂਰਜ ਜਰੂਰ ਉਗੇਗਾ। ਹਰਿਆਣਾ ਵਿਚ ਹਿੰਦੂ-ਮੁਸਲਿਮ ਫਸਾਦ ਕਰਵਾਉਣ ਤੋ ਬਾਦ ਰਾਜਧਾਨੀ ਦਿੱਲੀ ਵਿਚ ਇਕ ਫਿਰਕੇ ਦੇ ਲੋਕਾਂ ਨੂੰ ਬਾਹਰ ਕੱਢਣ ਦੀਆਂ ਧਮਕੀਆਂ ਵਾਇਰਲ ਕਰਦਿਆਂ, ਕਾਤਲਾਂ, ਲੁਟੇਰਿਆਂ ਨੂੰ ਹੀਰੋ ਬਣਾਇਆ ਜਾ ਰਿਹਾ ਹੈ। ਵਿਧਾਨ ਸਭਾਵਾਂ ਤੇ ਪਾਰਲੀਮੈਂਟ ਵਿਚ ਰਾਮ ਰਾਜ ਦੇ ਦਾਅਵਿਆਂ ਲਈ ਨਾਅਰੇ ਮਾਰੇ ਤੇ ਮਰਵਾਏ ਜਾ ਰਹੇ ਹਨ। 47 ਦੀ ਫਿਰਕੂ ਵੰਡ ਵਾਲਾ ਮੰਜ਼ਰ ਮੁੜ ਪਰੋਸਿਆ ਜਾ ਰਿਹਾ ਹੈ। ਆਜ਼ਾਦੀ ਦਿਵਸ ਮੌਕੇ ਕੇਵਲ ਹਰ ਘਰ ਤਿਰੰਗੇ ਦੇ ਸੱਦੇ ਨਾਲ ਹੀ ਆਜਾਦ ਭਾਰਤ ਦੀ ਇਸ ਅਸਲ ਤਸਵੀਰ ਤੋਂ ਅੱਖਾਂ ਚੁਰਾ ਲੈਣਾ ਸੰਭਵ ਨਹੀ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਐਮ.ਐਲ.ਏ. ਤੇ ਮੰਤਰੀ ਜਗਰੂਪ ਬਰਾੜ ਵਲੋਂ ਸ਼ਾਨਦਾਰ ਬਾਰਬੀਕਿਊ ਪਾਰਟੀ

## ਸਰਕਾਰ ਵਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਦੀ ਜਾਣਕਾਰੀ ਦਿੱਤੀ


ਸਰੀ (ਮਾਂਗਟ)- ਸਰੀ-ਫਲੀਟਵੁੱਡ ਤੋ ਐਲ ਐਲ ਏ ਤੇ ਵਪਾਰ ਮੰਤਰੀ ਜਗਰੂਪ ਸਿੰਘ ਬਰਾੜ ਵਲੋਂ ਆਪਣੇ ਹਲਕੇ ਦੇ ਵੋਟਰਾਂ ਤੇ ਸਪੋਰਟਰਾਂ ਲਈ ਸਾਲਾਨਾ ਕਮਿਊਨਿਟੀ ਬਾਰਬੀਕਿਊ ਪਾਰਟੀ 12 ਅਗਸਤ ਨੂੰ ਦੁਪਹਿਰ 1 ਤੋਂ 3 ਵਜੇ ਤੱਕ ਮੈਪਲ ਪਾਰਕ 14939-84 ਐਵਨਿਊ ਵਿਖੇ ਮਨਾਈ ਗਈ । ਇਸ ਮੌਕੇ ਖਾਣ-ਪੀਣ ਤੋਂ ਇਲਾਵਾ ਬੱਚਿਆਂ ਲਈ ਮਨੋਰੰਜਨ ਅਤੇ ਪ੍ਰਾਈਜ ਡਰਾਅ ਵੀ ਕੱਢੇ ਗਏ। ਸ ਜਗਰੂਪ ਸਿੰਘ ਬਰਾੜ ਨੇ ਆਪਣੇ ਸਮਰਥਕਾਂ ਤੇ ਵੋਟਰਾਂ ਨੂੰ ਹੁਮਹੁਮਾਕੇ ਪੁੱਜਣ ਦਾ ਧੰਨਵਾਦ ਕਰਦਿਆਂ ਉਹਨਾਂ ਨਾਲ ਯਾਦਗਾਰੀ ਤਸਵੀਰਾਂ ਖਿਚਵਾਈਆਂ। ਇਸ ਮੌਕੇ ਉਹਨਾਂ ਨੇ ਪ੍ਰੀਮੀਅਰ ਡੇਵਿਡ ਈਬੀ ਦੀ ਅਗਵਾਈ ਹੇਠ ਐਨ ਡੀ ਪੀ ਸਰਕਾਰ ਵਲੋਂ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀਆਂ ਸਹੂਲਤਾਂ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਕੋਵਿਡ ਦੌਰ ਉਪਰੰਤ ਵਿਸ਼ਵ ਵਿਆਪੀ ਮੰਦੀ ਦੇ ਦੌਰ ਕਾਰਣ ਕੈਨੇਡਾ ਵਿਚ ਮਹਿਗਾਈ ਤੋਂ ਪ੍ਰੇਸ਼ਾਨ ਲੋਕਾਂ ਦੀ ਸਹਾਇਤਾ ਲਈ ਸਰਕਾਰ ਵਲੋਂ ਕਈ ਵਿਸ਼ੇਸ਼ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਟੈਕਸ ਕਰੈਡਿਟ ਵਿਚ ਵਾਧਾ ਕੀਤਾ ਗਿਆ ਹੈ। ਗਰਮੀਆਂ ਵਿਚ ਹੀਟ ਵੇਵ ਦੀ ਚੇਤਾਵਨੀ ਦੌਰਾਨ ਲੋਕਾਂ ਲਈ ਠੰਡੀਆਂ ਥਾਵਾਂ ਤੇ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।



# ਵੈਨਕੂਵਰ ਵਿਚਾਰ ਮੰਚ ਨੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 89ਵਾਂ ਜਨਮ ਦਿਨ ਮਨਾਇਆ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 89ਵਾਂ ਜਨਮ ਦਿਨ ਮਨਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਮੰਚ ਮੈਂਬਰਾਂ ਨੇ ਇਸ ਮੌਕੇ ਸ. ਸੇਖਾ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ। ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਨੇ ਕਿਹਾ ਕਿ ਸ. ਸੇਖਾ ਨਾਲ ਮੋਹ ਦਾ ਰਿਸ਼ਤਾ ਹੈ ਅਤੇ ਇਨ੍ਹਾਂ ਹਮੇਸ਼ਾ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ ਹੈ। ਮੋਹਨ ਗਿੱਲ ਨੇ ਸ. ਸੇਖਾ ਨਾਲ ਆਪਣੀ ਲੰਬੀ ਸਾਂਝ ਦੀ ਗੱਲ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਨਿਮਰ ਤਬੀਅਤ ਦੇ ਮਾਲਕ ਹਨ ਅਤੇ ਪੰਜਾਬੀ ਸਾਹਿਤ ਨੂੰ ਆਪਣੀਆਂ ਰਚਨਾਵਾਂ ਨਾਲ ਪ੍ਰਫੁੱਲਤ ਕਰਨ ਵਿਚ ਉਨ੍ਹਾਂ ਦਾ ਬੜਾ ਵੱਡਾ ਯੋਗਦਾਨ ਹੈ। ਅੰਗਰੇਜ਼ ਬਰਾੜ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਜਰਨੈਲ ਸਿੰਘ ਸੇਖਾ ਸਾਡੇ ਬਹੁਤ ਹੀ ਸਤਿਕਾਰਤ ਸਾਹਿਤਕਾਰ ਹਨ ਅਤੇ ਇਨ੍ਹਾਂ ਨੇ ਜੀਵਨ ਵਿਚ ਬਹੁਤ ਮੁਸ਼ੱਕਤ ਕੀਤੀ ਅਤੇ ਜ਼ਿੰਦਗੀ ਦੇ ਯਥਾਰਥ ਨੂੰ ਆਪਣੇ ਨਾਵਲਾਂ ਰਾਹੀਂ ਸਾਹਿਤ ਦੇ ਪਾਠਕਾਂ ਤੀਕ ਪੁਚਾਇਆ। ਉਨ੍ਹਾਂ ਦੀਆਂ ਲਿਖਤਾਂ ਤੋਂ ਜੀਵਨ ਪ੍ਰਤੀ ਬੇਹੱਦ ਪ੍ਰੇਰਨਾ ਮਿਲਦੀ ਹੈ। ਹਰਦਮ ਸਿੰਘ ਮਾਨ ਨੇ ਜਰਨੈਲ ਸਿੰਘ ਸੇਖਾ ਨੂੰ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਸ਼ਖ਼ਸੀਅਤ ਦਸਦਿਆਂ ਉਨ੍ਹਾਂ ਦੀ ਲੰਮੇਰੀ ਜ਼ਿੰਦਗੀ ਲਈ ਦੁਆ ਕੀਤੀ। ਜਰਨੈਲ ਸਿੰਘ ਸੇਖਾ ਨੇ ਜਨਮ ਦਿਨ ਮਨਾਉਣ ਲਈ ਮੰਚ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਇਜ਼ਹਾਰ ਕੀਤਾ ਕਿ ਉਨ੍ਹਾਂ ਦਾ ਨਵਾਂ ਨਾਵਲ ਮੁਕੰਮਲ ਹੋ ਗਿਆ ਹੈ ਅਤੇ ਜਲਦੀ ਹੀ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਆਖਰੀ ਦਮ ਤੱਕ ਸਾਹਿਤ ਦੀ ਰਚਨਾ ਕਰਦੇ ਰਹਿਣਗੇ।

# ਸਾਡਾ ਦੇਸ਼ ਭਾਰਤ, ਸੰਸਕ੍ਰਿਤੀ, ਭਾਸ਼ਾ ਅਤੇ ਅਸੀਂ ਭਾਰਤੀ: ਸਰਵੋਤਮ ਹਾਂ-ਠਾਕੁਰ ਦਲੀਪ ਸਿੰਘ



ਸਰੀ (ਹਰਦਮ ਮਾਨ)-ਸੁਤੰਤਰਤਾ ਦਿਵਸ ਉੱਤੇ ਸੰਦੇਸ਼ ਦਿੰਦੇ ਹੋਏ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ, "ਸਾਨੂੰ ਸਾਰੇ ਭਾਰਤੀਆਂ ਨੂੰ ਆਪਸੀ ਮਤਭੇਦ ਭੁਲਾ ਕੇ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਭਾਰਤੀ ਸੰਸਕ੍ਰਿਤੀ, ਭਾਰਤੀ ਭਾਸ਼ਾਵਾਂ ਅਤੇ ਭਾਰਤੀ ਧਰਮਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਸਾਰੇ ਭਾਰਤੀਆਂ ਵਿਚ ਆਤਮ ਸਨਮਾਨ ਹੋਣਾ ਚਾਹੀਦਾ ਹੈ "ਸਾਡਾ ਦੇਸ਼, ਸਾਡੀ ਸੰਸਕ੍ਰਿਤੀ, ਸਾਡੀ ਭਾਸ਼ਾ ਅਤੇ ਅਸੀਂ ਭਾਰਤੀ: ਸਰਵੋਤਮ ਹਾਂ। ਅਸੀਂ ਕਿਸੇ ਤੋਂ ਘੱਟ ਨਹੀਂ ਹਾਂ।" ਜਦੋਂ ਤੱਕ ਇਹ ਭਾਵਨਾ ਸਾਡੇ ਮਨ ਵਿੱਚ ਨਹੀਂ ਆਉਂਦੀ, ਉਦੋਂ ਤੱਕ ਅਸੀਂ ਅਸਲ ਵਿੱਚ ਆਜ਼ਾਦ ਨਹੀਂ ਹਾਂ। ਠਾਕੁਰ ਜੀ ਨੇ ਆਪਣੇ ਸੰਦੇਸ਼ ਵਿੱਚ ਇਹ ਵੀ ਕਿਹਾ, "ਭਾਰਤ ਵਾਸੀਓ! ਆਤਮ ਸਨਮਾਨ ਦੀ ਭਾਵਨਾ ਲਿਆਉਣ ਲਈ, ਇਸ ਸੁਤੰਤਰਤਾ ਦਿਵਸ ਉੱਤੇ ਇਹ ਪ੍ਰਣ ਕਰੀਏ "ਅਸੀਂ ਸਾਰੇ ਆਪਣੀ-ਆਪਣੀ ਮਾਂ ਬੋਲੀ ਉੱਤੇ ਮਾਣ ਕਰਾਂਗੇ"। ਸਾਰੇ ਭਾਰਤ ਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸੁਤੰਤਰਤਾ ਦਿਵਸ ਉੱਤੇ ਤੁਸੀਂ ਭਾਰਤ ਵਿੱਚ ਵਸਤੂਆਂ ਨਿਰਮਾਣ ਕਰਨ ਵਾਲੀਆਂ ਸਾਰੀਆਂ ਕੰਪਨੀਆਂ ਨੂੰ ਬੇਨਤੀ ਕਰੋ ਕਿ "ਭਾਰਤ ਵਿੱਚ ਬਣਨ ਵਾਲੀਆਂ ਸਾਰੀਆਂ ਵਸਤੂਆਂ ਦੀ ਪੈਕਿੰਗ ਉੱਤੇ ਰਾਜ ਭਾਸ਼ਾ ਅਤੇ ਰਾਸ਼ਟਰੀ ਭਾਸ਼ਾ ਜ਼ਰੂਰ ਲਿਖੀ ਜਾਵੇ"। ਜੇਕਰ ਸਾਰੇ ਭਾਰਤੀ ਮਿਲ ਕੇ ਇਹ ਮੰਗ ਕਰਨਗੇ ਤਾਂ ਕੰਪਨੀਆਂ ਲਿਖਣਾ ਜ਼ਰੂਰ ਸ਼ੁਰੂ ਕਰ ਦੇਣਗੀਆਂ; ਕਿਉਂਕਿ ਉਨ੍ਹਾਂ ਦੇ ਗਾਹਕ ਅਸੀਂ ਭਾਰਤੀ ਹੀ ਹਾਂ। ਜੇਕਰ ਭਾਰਤ ਵਿੱਚ ਬਣੀਆਂ ਸਾਰੀਆਂ ਵਸਤੂਆਂ ਦੀ ਪੈਕਿੰਗ ਉੱਤੇ, ਰਾਜ ਅਤੇ ਰਾਸ਼ਟਰੀ ਭਾਸ਼ਾ ਲਿਖੀ ਹੋਵੇਗੀ; ਤਾਂ ਭਾਰਤੀਆਂ ਦੇ ਮਨ ਵਿੱਚ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਪੈਦਾ ਹੋਵੇਗਾ ਅਤੇ ਆਤਮ-ਸਨਮਾਨ ਵੀ ਆਵੇਗਾ"।




# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



# 604-594-0616

## ਕਾਵਿ-ਗੁਲਜ਼ਾਰ

# ਪੰਜਾਬੀ ਗ਼ਜ਼ਲ ਦਾ ਪਰਪੱਕ ਹਸਤਾਖਰ ਸੁਰਿੰਦਰਪ੍ਰੀਤ ਘਣੀਆ



ਪੇਸ਼ਕਰਤਾ
ਹਰਦਮ ਸਿੰਘ ਮਾਨ



ਪਿੰਡ ਘਣੀਆ ਜ਼ਿਲ੍ਹਾ ਫਰੀਦਕੋਟ ਦਾ ਜੰਮਪਲ ਸ਼ਾਇਰ ਸੁਰਿੰਦਰਪ੍ਰੀਤ ਘਣੀਆ ਪੰਜਾਬੀ ਗ਼ਜ਼ਲ ਦਾ ਪਰਪੱਕ ਹਸਤਾਖਰ ਹੈ। ਅੱਜਕੱਲ੍ਹ ਉਹ ਬਠਿੰਡੇ ਰਿਟਾਇਰਡ ਅਧਿਆਪਕ ਦੀ ਜ਼ਿੰਦਗੀ ਮਾਣ ਰਿਹਾ ਹੈ। ਉਹ ਲੰਮਾਂ ਸਮਾਂ ਪੰਜਾਬੀ ਸਾਹਿਤ ਸਭਾ ਜੈਤੋ ਨਾਲ ਜੁੜਿਆ ਰਿਹਾ ਹੈ ਅਤੇ ਹੁਣ ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਦਾ ਪ੍ਰਧਾਨ ਹੈ। ਪੰਜਾਬੀ ਲੇਖਕਾਂ ਦੀ ਸਿਰਮੌਰ ਸੰਸਥਾ ਕੇਂਦਰੀ ਪੰਜਾਬੀ ਲੇਖਕ ਸਭਾ ਲਈ ਉਹ ਬਤੌਰ ਸਕੱਤਰ ਸੇਵਾਵਾਂ ਦੇ ਰਿਹਾ ਹੈ। ਉਸ ਦੀਆਂ ਦੋ ਗ਼ਜ਼ਲ ਪੁਸਤਕਾਂ ਆ ਚੁੱਕੀਆਂ ਹਨ - 'ਲਫ਼ਜ਼ਾਂ ਦਾ ਪੁਲ' ਅਤੇ 'ਟੂੰਮਾਂ'। ਲੋਕ ਮੁਹਾਵਰੇ ਵਿਚ ਕਹੀ ਉਸ ਦੀ ਗ਼ਜ਼ਲ ਪਾਠਕ-ਮਨਾਂ ਨੂੰ ਬੇਹੱਦ ਟੁੰਬਦੀ ਹੈ। ਏਥੇ ਅਸੀਂ ਉਸ ਦੀਆਂ ਕੁਝ ਗ਼ਜ਼ਲਾਂ ਪ੍ਰਕਾਸ਼ਿਤ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

### 1

ਇਕ ਅੱਥਰੂ ਤੇਰੇ ਦਰ ਤੋਂ ਖ਼ਾਰਾ ਸੀ ਮਿਲਿਆ।
ਰੁਕੀ ਜ਼ਿੰਦਗੀ ਨੂੰ ਹੁਲਾਰਾ ਸੀ ਮਿਲਿਆ।
ਲਗਾਤਾਰ ਚੱਪੂ ਚਲਾਉਂਦਾ ਰਿਹਾ ਜੋ
ਨਾ ਉਸ ਹੀ ਮਲਾਹ ਨੂੰ ਕਿਨਾਰਾ ਸੀ ਮਿਲਿਆ।
ਮੈਂ ਸ਼ਰਮਿੰਦਗੀ ਉਹਦੇ ਚਿਹਰੇ ਤੇ ਦੇਖੀ
ਦਗ਼ੇਬਾਜ਼ ਜਦ ਉਹ ਦੁਬਾਰਾ ਸੀ ਮਿਲਿਆ।
ਉਹ ਮਿਲਿਆ ਸੀ ਹੋ ਕੇ ਸਦਾ ਅੱਧਾ-ਪੌਣਾ
ਉਹ ਖ਼ਬਰੇ ਕੱਲ੍ਹ ਕਿਵੇਂ ਸਾਰਾ ਸੀ ਮਿਲਿਆ।
ਉਦ੍ਹਾ ਮੋਹ, ਵਫ਼ਾ ਤਾਂ ਬਹਾਨਾ ਸੀ ਐਵੇਂ
ਜੋ ਮਿਲਿਆ ਉਹ ਗ਼ਰਜ਼ਾਂ ਦਾ ਮਾਰਾ ਸੀ ਮਿਲਿਆ।
ਮੈਂ ਰਸਤਾ ਸੀ ਹੋਇਆ ਸਦਾ ਹੀ ਉਹਦੇ ਲਈ
ਕੋਈ ਜਦ ਮੈਨੂੰ ਅਵਾਰਾ ਸੀ ਮਿਲਿਆ।

### 2

ਮਨ ਚ ਇਕ ਉਪਰਾਮਤਾ ਹੈ ਇਹ ਕਿਤੇ ਟਿਕਦਾ ਨਹੀਂ।
ਦੇਖਦਾ ਜੋ ਸਾਮ੍ਹਣੇ ਇਹ ਸਮਝਦੈ ਚੰਗਾ ਨਹੀਂ।
ਤੇਰੀ ਖ਼ਾਤਿਰ ਮੈਂ ਸਦਾ ਬਣਿਆ ਸਰੋਵਰ, ਭਾਵੇਂ ਤੂੰ
ਪਿਆਸ ਲੈ ਕੇ ਮੇਰੇ ਕੰਢੇ ਤੇ ਕਦੇ ਆਇਆ ਨਹੀਂ।
ਕਿਸ ਤਰ੍ਹਾਂ ਦਾ ਜ਼ਖ਼ਮ ਇਹ ਤੂੰ ਦੇ ਗਿਓਂ ਜੋ ਹਾਲ ਤੀਕ
ਰਿਸ ਰਿਹੈ, ਬਸ ਰਿਸ ਰਿਹੈ, ਭਰਦਾ ਨਹੀਂ, ਮਿਟਦਾ ਨਹੀਂ।
ਓਸ ਦੇ ਨਾਮ ਉੱਤੇ ਟਾਹ੍ਣ ਟੁੱਟੇ, ਫੁੱਲ ਝੜੇ
ਹੁਕਮ ਬਿਨ ਕਹਿੰਦੇ ਨੇ ਜੀਹਦੇ ਪੱਤਾ ਵੀ ਝੁਲਦਾ ਨਹੀਂ।
ਮੈਂ ਤੇਰੀ ਮਹਿਫ਼ਲ ਚ ਬਹਿੰਦਾ ਕਿਸ ਤਰ੍ਹਾਂ ਦੱਸ, ਜਦ ਕਿ ਤੂੰ
ਬੈਠ ਜਾ ਵੀ ਆਖਿਆ ਨਈਂ, ਪਾਣੀ ਤੱਕ ਪੁੱਛਿਆ ਨਹੀਂ।
ਭੱਖੜਾ, ਪੋਲ੍ਹੀ, ਜਾਂ ਉੱਗੀ ਥੋਹਰ ਹੈ ਸਾਡੇ ਘਰੀਂ,
ਡੇਲੀਆ, ਚੰਬਾ, ਕੰਵਲ ਕਿਉਂ ਇਸ ਜਗ੍ਹਾ ਖਿੜਦਾ ਨਹੀਂ।
ਮੇਰੀਆਂ ਸੋਚਾਂ ਦਾ ਹੋਇਆ ਵਹਿਣ ਹੈ ਕੁਝ ਇਸ ਤਰ੍ਹਾਂ
ਮੇਟਿਆਂ ਮਿਟਣਾ ਨਹੀਂ ਜੋ ਰੋਕਿਆਂ ਰੁਕਣਾ ਨਹੀਂ।

### 3

ਕਿਸੇ ਨੇ ਨਾਮ ਲੈ ਮੇਰਾ ਬੁਲਾਉਣਾ ਕਦ ਭਲਾ ਮੈਨੂੰ।
ਮੈਂ ਹਾਂ ਇਕ ਜ਼ਖ਼ਮ, ਦਿਲ ਵਿਚ ਕੌਣ ਦੇਵੇਗਾ ਜਗ੍ਹਾ ਮੈਨੂੰ।
ਜ਼ਮਾਨੇ ਦੇ ਇਹ ਵਲ-ਛਲ ਖਾਹਮਖਾਹ ਤੂੰ ਨਾ ਸਿਖਾ ਮੈਨੂੰ।
ਮੈਂ ਨਿਰਛਲ ਪੌਣ ਹਾਂ, ਕੁਝ ਹੋਰ ਨਾ ਐਵੇਂ ਬਣਾ ਮੈਨੂੰ।
ਮੈਂ ਪੀਲੇ ਪੱਤਰਾਂ ਨੂੰ, ਹਰ ਕਲੀ ਨੂੰ ਆਪ ਜਾ ਦੱਸਣੈ,
ਬਹਾਰਾਂ ਰਹਿੰਦੀਆਂ ਕਿੱਥੇ ਇਹਨਾਂ ਦਾ ਸਭ ਪਤਾ ਮੈਨੂੰ।
ਬਣੀ ਹੈ ਇਸ ਤਰ੍ਹਾਂ ਹਾਲਤ, ਨਾ ਰੋ ਹੁੰਦੈ ਨਾ ਹੱਸ ਹੁੰਦੈ
ਮਿਲੀ ਕਿਹੜੇ ਗੁਨਾਹਾਂ ਦੀ ਭਲਾ ਏਡੀ ਸਜ਼ਾ ਮੈਨੂੰ।
ਉਹ ਖ਼ੁਦ ਹੀ ਚੋ ਰਿਹੈ ਹੁੰਦੈ, ਜਿਵੇਂ ਉਹ ਰੋ ਰਿਹਾ ਹੁੰਦੈ
ਝਨਾਂ ਵਿਚ ਤਰਨ ਲਈ ਮਿਲਿਆ ਹੈ ਜਿਹੜਾ ਵੀ ਘੜਾ ਮੈਨੂੰ।
ਮੇਰੇ ਗੀਤਾਂ ਤੇ ਗ਼ਜ਼ਲਾਂ ਦੇ ਨਾ ਪੈਂਦੀ ਨੀਂਦ ਹੁਣ ਨੈਣੀਂ
ਤੇ ਇਹਨਾਂ ਨਾਲ਼ ਪੈਂਦਾ ਰਾਤ ਭਰ ਹੀ ਜਾਗਣਾ ਮੈਨੂੰ।
ਮੈਂ ਪੱਥਰ ਚਿੱਤ ਐਸਾ ਹਾਂ ਕਿ ਪੱਥਰ ਖਾ ਕੇ ਨਾ ਰੋਵਾਂ
ਤੇ ਕੋਮਲ ਚਿੱਤ ਏਨਾ ਫੁੱਲ ਵੀ ਦੇਵੇ ਰੁਆ ਮੈਨੂੰ।
ਉਹ ਭਾਂਬੜ ਲੈ ਕੇ ਯਾਰੋ! ਬਸਤੀਆਂ ਤੇ ਰੋਜ਼ ਆ ਜਾਂਦੈ
ਪਵੇਗਾ ਦੇਰ ਤੱਕ ਲਿਖਣਾ ਅਜੇ ਅੱਗ ਦਾ ਸਫ਼ਾ ਮੈਨੂੰ।

### 4

ਚਾਰ ਕਣੀਆਂ ਦੇਖ ਕੇ ਅੰਦਰ ਸੀ ਉਹ ਵੜਦੇ ਰਹੇ।
ਹੜ੍ਹ ਨੂੰ ਰੋਕਣ ਦੇ ਬੜੇ ਦਾਅਵੇ ਸੀ ਜੋ ਕਰਦੇ ਰਹੇ।
ਆਸ ਫੁੱਲਾਂ ਦੀ ਮੇਰੇ ਕੋਲ਼ੋਂ ਸਦਾ ਕਰਦੇ ਨੇ ਉਹ
ਮੇਰੀਆਂ ਤਲੀਆਂ ਤੇ ਜੋ ਅੰਗਿਆਰ ਖ਼ੁਦ ਧਰਦੇ ਰਹੇ।
ਮੇਰਿਆਂ ਜ਼ਖ਼ਮਾਂ ਦਾ ਹੋਇਆ ਨਾ ਅਜੇ ਪੱਕਾ ਇਲਾਜ
ਉੱਚੜ ਕੇ ਫਿਸਦੇ ਰਹੇ, ਮੁੜ ਮੁੜ ਫਿਰ ਭਰਦੇ ਰਹੇ।
ਨਾ ਕਿਸੇ ਹੰਝੂ ਵਹਾਏ, ਨਾ ਕਿਸੇ ਨੇ ਆਹ ਭਰੀ
ਮੇਰੀਆਂ ਅੱਖਾਂ ਦੇ ਸੁਪਨੇ ਚੌਕ ਵਿਚ ਮਰਦੇ ਰਹੇ।
ਵਕਤ ਤਾਂ ਮੈਨੂੰ ਇਕੱਲਾ ਛੱਡ ਕੇ ਜਾਂਦਾ ਰਿਹਾ,
ਦਿਲ ਦੇ ਕੁਝ ਅਹਿਸਾਸ ਮੇਰੇ ਨਾਲ਼ ਪਰ ਖੜ੍ਹਦੇ ਰਹੇ।
ਇਸ ਤਰ੍ਹਾਂ ਇਹ ਜ਼ਿੰਦਗੀ ਯਾਰੋ ਬਿਤਾਈ ਹੈ ਅਸੀਂ,
ਮਰ ਕੇ ਵੀ ਜਿਉਂਦੇ ਰਹੇ ਤੇ ਜਿਉਂ ਕੇ ਵੀ ਮਰਦੇ ਰਹੇ।

### 5

ਹੋਠਾਂ ਤੇ ਚੁੱਪ ਚਿਹਰੇ ਉੱਤਰੇ, ਹਰ ਅੱਖ ਸੇਜਲ ਹੈ।
ਯਾਰੋ ਸੋਚੋ ਤਾਂ ਇਹ ਕੀ ਗੱਲ ਹੈ, ਕੀ ਵਲ਼-ਛਲ਼ ਹੈ।
ਜੀਵਨ ਦੇ ਹਰ ਮੋੜ ਤੇ ਮੈਨੂੰ ਅੱਗ ਹੀ ਅੱਗ ਮਿਲੀ
ਹੋਰਾਂ ਦੇ ਕਬਜ਼ੇ ਵਿਚ ਮੇਰੇ ਖੂਹਾਂ ਦਾ ਜਲ ਹੈ।
ਆਪਣੀ ਤਪਸ਼ ਤੇ ਮਾਰੂਥਲ ਨੂੰ ਮਾਣ ਬੜਾ ਹੈ ਜੇ
ਸਿਖ਼ਰ ਦੁਪਿਹਰੇ ਵਾਟ ਮੁਕਾਉਣੀ ਮੇਰਾ ਵੀ ਝੱਲ ਹੈ।
ਕਤਲ ਸਮੇਂ ਚੁੱਪਚਾਪ ਰਿਹਾ ਮੈਂ ਕੁਸਕਿਆ ਤੱਕ ਨਾ ਸੀ,
ਏਸ ਤਰ੍ਹਾਂ ਇਸ ਕਤਲ 'ਚ ਮੇਰਾ ਆਪਾ ਸ਼ਾਮਲ ਹੈ।
ਸਾਡੇ ਪੱਲੇ ਰਹਿ ਜਾਵਣ ਬਸ ਛਿਟੀਆਂ-ਸਿੱਕਰੀਆਂ
ਹੋਰ ਕਿਤੇ ਹੀ ਜਾ ਬਣਦਾ ਪਸ਼ਮੀਨਾ-ਮਲਮਲ ਹੈ।
ਲੱਖਾਂ ਪੱਥਰ ਸੁੱਟੇ ਫਿਰ ਵੀ ਹੋਈ ਹਲਚਲ ਨਾ
ਕਿੰਨਾ ਬੁਜ਼ਦਿਲ ਏਸ ਨਦੀ ਦਾ ਯਾਰੋ! ਇਹ ਜਲ ਹੈ।
ਮਾਰੂਥਲ ਨੂੰ ਗਾਹੁੰਦੇ ਗਾਹੁੰਦੇ ਇਹ ਹੋਇਆ ਅਹਿਸਾਸ
ਏਧਰ ਓਧਰ ਇਸ ਕਲ ਦੀ ਹੀ ਛਾਤੀ ਵਿਚ ਜਲ ਹੈ।

### 6

ਜ਼ਰਦ ਹੁੰਦੇ ਪੱਤਿਆਂ ਦੇ ਦਰਦ ਨੂੰ ਮਹਿਸੂਸ ਕਰ।
ਐ ਬਹਾਰੇ! ਪਤਝੜਾਂ ਦੇ ਦਰਦ ਨੂੰ ਮਹਿਸੂਸ ਕਰ।
ਧੋਤੀਆਂ ਸੜਕਾਂ ਦੇ ਰਾਹੀ ਬਹੁਤ, ਪੈੜੇ ਮੇਰੀਏ!
ਪਰ ਤੂੰ ਸੁੰਨੇ ਰਸਤਿਆਂ ਦੇ ਦਰਦ ਨੂੰ ਮਹਿਸੂਸ ਕਰ।
ਵੇਖ ਨਾ ਸ਼ਬਦਾਂ ਦਾ ਸੋਹਜ, ਅਰਥਾਂ ਦੀ ਸ਼ਿੱਦਤ ਨਾ ਵੇਖ,
ਅੱਖਰਾਂ ਵਿਚ ਅੱਖਰਾਂ ਦੇ ਦਰਦ ਨੂੰ ਮਹਿਸੂਸ ਕਰ।
ਫੁੱਲਾਂ ਦੇ ਝੜ ਜਾਣ ਦਾ ਜਰਦੇ ਰਹੇ ਕਿੰਜ ਹਾਦਸਾ
ਗਮਮਲਿਆਂ ਦੇ ਬੂਟਿਆਂ ਦੇ ਦਰਦ ਨੂੰ ਮਹਿਸੂਸ ਕਰ।
ਹੰਝੂਆਂ ਦਾ ਛੱਡ ਖਹਿੜਾ, ਹੋ ਗਏ ਜਿਹੜੇ ਯਤੀਮ
ਮੇਰੇ ਉਹਨਾਂ ਹਾਸਿਆਂ ਦੇ ਦਰਦ ਨੂੰ ਮਹਿਸੂਸ ਕਰ।
ਸੀਨੇ ਸਜਿਆਂ ਤਗ਼ਮਿਆਂ ਨੂੰ ਦੇਖ ਕੇ ਹੀ ਖ਼ੁਸ਼ ਨਾ ਹੋ
ਛਲਣੀ ਹੋਏ ਸੀਨਿਆਂ ਦੇ ਦਰਦ ਨੂੰ ਮਹਿਸੂਸ ਕਰ।
ਗੀਤ ਨਾ ਪੂਰਾ ਬਣੇ ਜੋ ਤਰਸ ਗਏ ਆਵਾਜ਼ ਨੂੰ
ਮੁਖੜਿਆਂ ਦੇ ਦੁਖੜਿਆਂ ਦੇ ਦਰਦ ਨੂੰ ਮਹਿਸੂਸ ਕਰ।

### 7

ਪਿਆਰ, ਮੁਹੱਬਤ, ਏਕੇ ਤੇ ਵਿਸ਼ਵਾਸ ਭਰੇ ਜੋ ਘਰ ਹੁੰਦੇ ਨੇ।
ਅਰਸ਼ਾਂ ਤੇ ਉੱਡਣ ਲਈ ਅਸਲ ਚ ਬੰਦੇ ਦੇ ਉਹ ਪਰ ਹੁੰਦੇ ਨੇ।
ਚੁੱਪ-ਚੁੱਪ ਰਹਿਣਾ, ਧੁਖਦੇ ਰਹਿਣਾ, ਲੋਅ ਅੱਖਰਾਂ ਦੀ ਵੰਡਦੇ ਰਹਿਣਾ,
ਇੱਕ ਸ਼ਾਇਰ ਨੂੰ ਜਨਮ ਜਾਤ ਹੀ ਮਿਲੇ ਇਹ ਤਿੰਨੇ ਵਰ ਹੁੰਦੇ ਨੇ।
ਕੁਝ ਮਾਸੂਮ ਤੇ ਭੋਲੇ ਚਿਹਰੇ ਹੁੰਦੇ ਏਨੇ ਪਿਆਰੇ ਪਿਆਰੇ,
ਲੰਘ ਆਉਂਦੇ ਨੇ ਦਿਲ ਦੇ ਅੰਦਰ, ਬੇਸ਼ੱਕ ਢੋਏ ਦਰ ਹੁੰਦੇ ਨੇ।
ਇਸ਼ਕ ਦੇ ਪੈਂਡੇ ਤੁਰਨਾ ਹੈ ਜੇ ਸੀਸ ਤਲੀ 'ਤੇ ਧਰ ਕੇ ਆਵੀਂ,
ਐ ਮੇਰੇ ਦਿਲ! ਇਸ਼ਕ ਦੇ ਪੈਂਡੇ ਡਰ ਕੇ ਨਾ ਤੈਅ ਕਰ ਹੁੰਦੇ ਨੇ।
ਓੜਕ ਤਕ ਇਹ ਰਹਿਣੇ ਰਿਸਦੇ, ਡੂੰਘੇ ਜ਼ਖ਼ਮ ਦਿਲਾਂ ਦੇ 'ਘਣੀਆ'
ਤੇਰੇ ਝੂਠੇ ਧਰਵਾਸੇ ਸੰਗ ਕਦੋਂ ਭਲਾ ਇਹ ਭਰ ਹੁੰਦੇ ਨੇ।




# ਜਰਮਨੀ ਦੇ ਵਿਦੇਸ਼ ਮੰਤਰੀ ਦਾ ਜਹਾਜ਼ ਆਬੂ ਧਾਬੀ ਤੋਂ ਉਡਾਣ ਭਰਨ ਤੋਂ ਬਾਅਦ ਹਵਾ ਵਿਚ ਹੋਇਆ ਖਰਾਬ, ਹਾਦਸਾ ਟਲਿਆ



ਆਬੂ ਧਾਬੀ-ਜਰਮਨੀ ਦੀ ਵਿਦੇਸ਼ ਮੰਤਰੀ ਏਨਾਲੇਨਾ ਬੇਅਰਬਾਕ ਦੇ ਜਹਾਜ਼ ਵਿਚ ਅਚਾਨਕ ਖਰਾਬੀ ਆ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਅਗਲੀ ਯਾਤਰਾ ਰੱਦ ਕਰਨੀ ਪਈ। ਉਹ ਸੋਮਵਾਰ ਨੂੰ ਆਪਣੇ ਸਰਕਾਰੀ ਜਹਾਜ਼ ਵਿਚ ਉਡਾਣ ਭਰ ਰਹੇ ਸਨ। ਇਸ ਦੌਰਾਨ ਤਕਨੀਕੀ ਖਰਾਬੀ ਆ ਗਈ। ਫਿਰ ਉਹ ਆਬੂ ਧਾਬੀ ਵਿਚ ਫਸ ਗਏ, ਜਿਸ ਕਾਰਣ ਉਨ੍ਹਾਂ ਨੂੰ ਆਸਟ੍ਰੇਲੀਆ ਜਾਣ ਦੀ ਥਾਂ ਹਵਾਈ ਅੱਡੇ 'ਤੇ ਵਾਪਿਸ ਜਾਣਾ ਪਿਆ। ਜਹਾਜ਼ ਖਰਾਬ ਹੋਣ ਦੀਆਂ ਅਜਿਹੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਹਨ। ਪਰ ਇਹ ਤਾਜ਼ਾ ਘਟਨਾ ਹੈ। ਨੁਕਸ ਦਾ ਪਤਾ ਉਦੋਂ ਲੱਗਾ ਜਦੋਂ ਜਹਾਜ਼ ਹਵਾ ਵਿਚ ਸੀ। ਪਾਇਲਟ ਨੂੰ ਸਮੇਂ 'ਤੇ ਤਕਨੀਕੀ ਖਰਾਬੀ ਦਾ ਅਹਿਸਾਸ ਹੋ ਗਿਆ। ਨਹੀਂ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ। ਜਰਮਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਸੇਬੇਸਟਿਅਨ ਫਿਸ਼ਰ ਨੇ 'ਐਕਸ' (ਟਵਿੱਟਰ) 'ਤੇ ਲਿਖਿਆ ਕਿ ਵਿਦੇਸ਼ ਮੰਤਰੀ ਏਨਾਲੇਨਾ ਬੀਅਰਬਾਕ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਫਿਜੀ ਦੀ ਆਪਣੀ ਯਾਤਰਾ ਦੀ ਸ਼ੁਰੂਆਤ ਵਿਚ ਸੋਮਵਾਰ ਰਾਤ ਨੂੰ ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਪਹੁੰਚਣ ਵਾਲੇ ਸਨ। ਪਰ ਜਰਮਨ ਹਵਾਈ ਫੌਜ ਦੇ ਜਹਾਜ਼ ਏਅਰਬੱਸ ਏ-340 ਵਿਚ "ਲੈਂਡਿੰਗ ਫਲੈਪ ਵਿਚ ਤਕਨੀਕੀ ਖਰਾਬੀ" ਪੈਦਾ ਹੋ ਗਈ, ਜਿਸ ਕਾਰਨ ਜਹਾਜ਼ ਨੂੰ ਆਬੂ ਧਾਬੀ ਵਾਪਿਸ ਪਰਤਣਾ ਪਿਆ। ਪਾਇਲਟ ਨੇ ਟੇਕ-ਆਫ ਦੇ ਕੁਝ ਮਿੰਟਾਂ ਬਾਅਦ ਸਮੱਸਿਆ ਦਾ ਪਤਾ ਲਗਾਇਆ ਅਤੇ ਜਹਾਜ਼ ਦੋ ਘੰਟੇ ਬਾਅਦ ਸੁਰੱਖਿਅਤ ਢੰਗ ਨਾਲ ਲੈਂਡ ਕਰ ਗਿਆ।


# ਪਾਕਿਸਤਾਨ ਵਿਚ ਭੀੜ ਨੇ 3 ਚਰਚਾਂ ਅਤੇ ਘਰਾਂ ਨੂੰ ਲਗਾਈ ਅੱਗ



ਇਸਲਾਮਾਬਾਦ-ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸ਼ਹਿਰ ਫੈਸਲਾਬਾਦ ਵਿੱਚ ਬੁੱਧਵਾਰ ਨੂੰ ਕੱਟੜਪੰਥੀਆਂ ਨੇ ਤਿੰਨ ਚਰਚਾਂ ਨੂੰ ਅੱਗ ਲਾ ਦਿੱਤੀ। ਇਸ ਤੋਂ ਇਲਾਵਾ ਪਹਿਲਾਂ ਈਸਾਈਆਂ ਦੇ ਘਰਾਂ ਨੂੰ ਲੁੱਟਿਆ ਗਿਆ, ਉਸ ਤੋਂ ਬਾਅਦ ਅੱਗ ਲਗਾ ਦਿੱਤੀ ਗਈ। ਕੱਟੜਪੰਥੀ ਸਮੂਹਾਂ ਦਾ ਦੋਸ਼ ਹੈ ਕਿ ਚਰਚ ਦੁਆਰਾ ਈਸ਼ਨਿੰਦਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਸੀ। ਇਸ ਘਟਨਾ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਵਿੱਚ ਮੁਲਜ਼ਮਾਂ ਦੇ ਚਿਹਰੇ ਵੀ ਪਛਾਣੇ ਜਾ ਸਕਦੇ ਹਨ। ਖਾਸ ਗੱਲ ਇਹ ਹੈ ਕਿ ਸਾਰੀਆਂ ਵੀਡੀਓਜ਼ ਸਾਹਮਣੇ ਆਉਣ ਦੇ ਬਾਵਜੂਦ ਹੁਣ ਤੱਕ ਪਾਕਿਸਤਾਨ ਦੀ ਕਾਰਜਕਾਰੀ ਸਰਕਾਰ ਅਤੇ ਫੌਜ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। 'ਪਾਕਿਸਤਾਨ ਡੇਲੀ' ਦੀ ਰਿਪੋਰਟ ਅਨੁਸਾਰ ਬੁੱਧਵਾਰ ਸਵੇਰੇ ਫੈਸਲਾਬਾਦ 'ਚ ਅਫਵਾਹ ਫੈਲ ਗਈ ਕਿ ਇੱਥੋਂ ਦੇ ਚਰਚ 'ਚ ਈਸ਼ਨਿੰਦਾ ਹੋਇਆ ਹੈ। ਇਹ ਵੀ ਕਿਹਾ ਗਿਆ ਕਿ ਇਹ ਸਿਲਸਿਲਾ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਹੈ ਅਤੇ ਇਲਾਕੇ ਵਿਚ ਰਹਿਣ ਵਾਲੇ ਈਸਾਈ ਇਸ ਦਾ ਪ੍ਰਚਾਰ ਕਰ ਰਹੇ ਹਨ। ਦੂਜੇ ਪਾਸੇ ਅਖਬਾਰ 'ਦਿ ਡਾਨ' ਨਾਲ ਗੱਲਬਾਤ 'ਚ ਈਸਾਈ ਭਾਈਚਾਰੇ ਦੇ ਨੇਤਾ ਇਮਰਾਨ ਭਾਟੀ ਨੇ ਕਿਹਾ ਕਿ ਸਾਡੇ ਤਿੰਨ ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਨ੍ਹਾਂ ਨੂੰ ਭੰਨਤੋੜ ਤੋਂ ਬਾਅਦ ਅੱਗ ਲਗਾ ਦਿੱਤੀ ਗਈ। ਇੱਥੇ ਰਹਿਣ ਵਾਲੇ ਈਸਾਈਆਂ ਦੇ ਘਰ ਲੁੱਟੇ ਗਏ। ਇਸ ਤੋਂ ਬਾਅਦ ਅੱਗ ਵੀ ਲਗਾ ਦਿੱਤੀ ਗਈ। ਕੁਝ ਹੀ ਦੇਰ ਵਿਚ ਜੜਾਂਵਾਲਾ ਇਲਾਕੇ ਦੇ ਚਰਚ ਅਤੇ ਈਸਾਈ ਬਸਤੀ ਵਿਚ ਸੈਂਕੜੇ ਕੱਟੜਪੰਥੀ ਪਹੁੰਚ ਗਏ। ਇਨ੍ਹਾਂ ਸਾਰਿਆਂ ਦੇ ਹੱਥਾਂ ਵਿੱਚ ਤੇਜ਼ਧਾਰ ਹਥਿਆਰ, ਡੰਡੇ ਅਤੇ ਪੈਟਰੋਲ ਸੀ। ਸਭ ਤੋਂ ਪਹਿਲਾਂ ਇਹ ਲੋਕ ਚਰਚ ਵਿੱਚ ਦਾਖਲ ਹੋਏ। ਉੱਥੇ ਭੰਨਤੋੜ ਕੀਤੀ। ਇਸ ਤੋਂ ਬਾਅਦ ਚਰਚ ਦੀ ਛੱਤ 'ਤੇ ਪਹੁੰਚ ਕੇ ਸਲੀਬ ਸੁੱਟ ਦਿੱਤੀ।




# ਆਲੀਆ ਭੱਟ ਦਾ ਲਿਪਸਟਿਕ ਲਾਉਣਾ ਰਣਬੀਰ ਨੂੰ ਨਹੀਂ ਪਸੰਦ



ਆਲੀਆ ਭੱਟ ਤੇ ਰਣਬੀਰ ਕਪੂਰ ਬਾਲੀਵੁੱਡ ਦੀ ਪਾਵਰ ਜੋੜੀ ਵਜੋਂ ਜਾਣੇ ਜਾਂਦੇ ਹਨ। ਦੋਵਾਂ ਦੀ ਜੋੜੀ ਫੈਂਨਸ ਨੂੰ ਬੇਹੱਦ ਪਸੰਦ ਹੈ, ਪਰ ਕਈ ਵਾਰ ਐਕਟਰ ਪਤਨੀ ਨਾਲ ਆਪਣੇ ਰਵੱਈਏ ਨੂੰ ਲੈ ਕੇ ਟ੍ਰੋਲ ਹੋ ਜਾਂਦੇ ਹੈ। ਹੁਣ ਇਕ ਵਾਰ ਫਿਰ ਆਲੀਆ ਲਈ ਰਣਬੀਰ ਦੇ ਵਤੀਰੇ ਨੇ ਉਨ੍ਹਾਂ ਨੂੰ ਟ੍ਰੋਲਿੰਗ ਦਾ ਸ਼ਿਕਾਰ ਬਣਾ ਦਿੱਤਾ ਹੈ। ਆਲੀਆ ਭੱਟ ਨੇ ਕੁਝ ਦਿਨ ਪਹਿਲਾਂ ਦੱਸਿਆ ਸੀ ਕਿ ਜੇ ਘਰ ਵਿਚ ਉਸ ਦੀ ਆਵਾਜ਼ ਇਕ ਲਿਮਿਟ ਤੋਂ ਜ਼ਿਆਦਾ ਉੱਚੀ ਹੋ ਜਾਂਦੀ ਹੈ ਤਾਂ ਰਣਬੀਰ ਕਪੂਰ ਨੂੰ ਬਿਲਕੁਲ ਪਸੰਦ ਨਹੀਂ ਆਉਂਦਾ। ਹੁਣ ਐਕਟਰ ਨੇ ਖ਼ੁਲਾਸਾ ਕੀਤਾ ਹੈ ਕਿ ਉਸ ਦਾ ਲਿਪਸਟਿਕ ਲਗਾਉਣਾ ਰਣਬੀਰ ਨੂੰ ਪਸੰਦ ਨਹੀਂ ਤੇ ਉਹ ਉਸ ਨੂੰ ਤੁਰੰਤ ਸਾਫ਼ ਕਰਨ ਲਈ ਕਹਿ ਦਿੰਦੇ ਹਨ, ਜਿਸ ਤੋਂ ਬਾਅਦ ਐਕਟਰ ਟ੍ਰੋਲ ਹੋ ਰਹੇ ਹਨ। ਇਹ ਪੂਰਾ ਮਾਮਲਾ ਆਲੀਆ ਭੱਟ ਦੀ ਨਵੀਂ ਵੀਡਿਓ ਸ਼ੇਅਰ ਕਰਨ ਦੇ ਨਾਲ ਸ਼ੁਰੂ ਹੋਇਆ ਹੈ। ਐਕਟਰ ਨੇ ਮੈਕਅੱਪ ਹੈਕ ਦੀ ਇਕ ਵੀਡਿਓ ਸ਼ੇਅਰ ਕੀਤੀ ਹੈ ਜਿਸ ਵਿਚ ਉਹ ਲਿਪਸਟਿਕ ਲਾਉਣ ਦੇ ਤਰੀਕੇ ਬਾਰੇ ਦੱਸ ਰਹੀ ਹੈ। ਵੀਡਿਓ 'ਚ ਐਕਟਰ ਨੇ ਕਿਹਾ ਕਿ ਉਹ ਜ਼ਿਆਦਾਤਰ ਨਿਊਡ ਸ਼ੇਡ ਦੀ ਲਿਪਸਟਿਕ ਲਗਾਉਂਦੀ ਹੈ। ਇਸ ਤੋਂ ਬਾਅਦ ਉਸ ਨੇ ਇਕ ਲਿਪਸਟਿਕ ਲਗਾਈ ਤੇ ਤੁਰੰਤ ਸਾਫ਼ ਕਰ ਦਿੱਤੀ। ਆਲੀਆ ਭੱਟ ਨੇ ਅੱਗੇ ਦੱਸਿਆ ਕਿ ਪਹਿਲਾਂ ਉਹ ਲਿਪਸਟਿਕ ਲਗਾਉਂਦੀ ਹਾਂ ਤੇ ਫਿਰ ਬਾਅਦ ਵਿੱਚ ਉਸ ਨੂੰ ਸਾਫ਼ ਕਰ ਦਿੰਦੀ ਹੈ। ਕਿਉਂਕਿ ਇਹ ਉਸ ਦੇ ਪਤੀ, ਜੋ ਕਿ ਉਸ ਦਾ ਬੁਆਏਫਰੈਂਡ ਵੀ ਰਹਿ ਚੁੱਕਾ ਹੈ, ਨੂੰ ਬਿਲਕੁਲ ਪਸੰਦ ਨਹੀਂ ਹੈ। ਉਸ ਦੇ ਪਤੀ ਲਿਪਸਟਿਕ ਸਾਫ਼ ਕਰਨ ਨੂੰ ਕਹਿੰਦੇ ਹਨ ਕਿਉਂਕਿ ਉਸ ਨੂੰ ਆਲੀਆ ਦੇ ਨੈਚੁਰਲ ਲਿਪਸ ਜ਼ਿਆਦਾ ਪਸੰਦ ਹੈ।



# ਵੱਢ ਟੁੱਕ ਵਾਲੇ ਉਹ ਦਿਨ ਨਹੀਂ ਭੁੱਲਦੇ ਪੁੱਤਰਾ...

ਪ੍ਰੋ: ਗੁਰਭਜਨ ਗਿੱਲ

ਮੇਰੇ ਪੁੱਤਰ ਪੁਨੀਤਪਾਲ ਦੇ ਨੱਤ ਫਾਰਮ ਹਾਊਸ ਗਹਿਲੇਵਾਲ (ਲੁਧਿਆਣਾ) ਵੱਸਦੇ ਨਾਨੀ ਜੀ ਹਰਬੰਸ ਕੌਰ ਲਗਪਗ 95 ਸਾਲ ਦੇ ਆਰ ਪਾਰ ਨੇ ਇਸ ਵੇਲੇ। ਦੇਸ਼ ਵੰਡ ਵੇਲੇ 19 ਸਾਲ ਦੇ ਸਨ। ਵਿਆਹ ਹੋਇਆਂ ਤਿੰਨ ਸਾਲ ਹੋ ਗਏ ਸਨ। ਕੁੱਛੜ ਪੁੱਤਰ ਸੀ ਪੰਜ ਮਹੀਨਿਆਂ ਦਾ। ਪੇਕੀਂ ਆਏ ਹੋਏ ਸਨ ਬਤਾਲੀ ਚੱਕ ਸਰਗੋਧੇ ਵਿੱਚ। ਰੌਲੇ ਪੈ ਗਏ। ਵਤਨ ਛੱਡਣਾ ਪੈਣਾ ਹੈ। ਭਾਜੜਾਂ ਪੈ ਗਈਆਂ। ਮਹਿੰਗੀਆਂ ਵਸਤਾਂ ਤੇ ਧੀਆਂ ਭੈਣਾਂ ਦੀ ਰਾਖੀ ਕਰਨੀ ਪੈ ਗਈ। ਲੁਕ ਲੁਕ ਕੇ ਦਿਨ ਤੇ ਰਾਤਾਂ। ਲਿਸ਼ਕਦੀਆਂ ਬਰਛੀਆਂ ਭਾਲੇ ਚੁਫ਼ੇਰੇ ਸਨ। ਰਾਖੇ ਹੀ ਖ਼ੂਨ ਦੇ ਪਿਆਸੇ ਬਣ ਗਏ। ਮੇਰੀ ਜਣਨਹਾਰੀ ਮਾਂ ਵੀ ਇਹੀ ਗੱਲਾਂ ਸੁਣਾਉਂਦੀ 2007 ਚ ਸਦੀਵੀ ਅਲਵਿਦਾ ਕਹਿ ਗਈ। ਹਰ ਮਾਂ ਦੀ ਥੋੜੇ ਜਹੇ ਫ਼ਰਕ ਨਾਲ ਇੱਕੋ ਜਹੀ ਵਾਰਤਾ ਹੈ। ਪਿੰਡਾਂ ਦੇ ਨਾਵਾਂ ਥਾਵਾਂ ਦਾ ਫ਼ਰਕ ਹੈ ਮਾੜਾ ਮੋਟਾ। 15ਅਗਸਤ ਦੇ ਨੇੜ ਤੇੜ ਮੌਸਮ ਆਉਂਦਾ ਹੈ ਜਦ ਮੀਡੀਆ ਇਹ ਜ਼ਖ਼ਮ ਉਚੇੜਦਾ ਹੈ ਪਰ ਅਸੀਂ ਸਬਕ ਨਹੀਂ ਸਿੱਖਦੇ, ਓਨੇ ਹੀ ਖ਼ੂੰਖ਼ਾਰ ਬਣੇ ਰਹਿੰਦੇ ਹਾਂ। ਹੌਕੇ ਮਗਰੋਂ ਫਿਰ ਓਥੇ ਦੇ ਓਥੇ। 15ਅਗਸਤ ਵਾਲੇ ਦਿਨ ਮੈਂ ਆਪਣੇ ਪਰਿਵਾਰ ਸਮੇਤ ਬੀਬੀ ਜੀ ਨੂੰ ਮਿਲਣ ਗਿਆ। ਨਾਲ ਮੇਰੀ ਪੋਤਰੀ ਅਸੀਸ ਦੇ ਨਾਨੀ ਜੀ ਤੇ ਨਾਨਾ ਜੀ ਵੀ ਸਨ। ਬੀਬੀ ਜੀ ਨਾਲ ਮੈਂ 15 ਅਗਸਤ ਦੇ ਆਜ਼ਾਦੀ ਦਿਵਸ ਦੀ ਗੱਲ ਛੇੜੀ ਤਾਂ ਉਹ ਉੱਧੜ ਪਏ ਤੇ ਬੋਲੇ ਇਸ ਨੂੰ ਸਾਡੀ ਬਰਬਾਦੀ ਦਾ ਦਿਹਾੜਾ ਕਹਿ ਬੱਚੇ। ਮੈਨੂੰ ਲੱਗਿਆ ਕਿ ਮੇਰੀ ਜਣਨਹਾਰੀ ਮਾਂ ਹੀ ਬੋਲ ਰਹੀ ਹੈ। ਏਹੀ ਗੱਲ ਕਿ ਇਸ ਦਿਨ ਨੂੰ ਸਾਡੇ ਸਲੂਕ ਨਾਲ ਰਹਿੰਦਿਆਂ ਦਾ ਬਰਬਾਦੀ ਦਿਹਾੜਾ ਕਹਿ। ਮੈਨੂੰ ਜਾਪਿਆ ਜਿਵੇਂ ਦੋਮੂੰਹੀਂ ਨਾਗਣ ਨੇ ਧਰਤੀ ਦੀਆਂ ਕੁੱਲ ਮਾਵਾਂ ਨੂੰ 15 ਅਗਸਤ 1947 ਨੂੰ ਡੰਗਿਆ ਸੀ ਤੇ ਓਹੀ ਡੰਗ ਹਰ ਸਾਲ ਸਾਉਣ ਮਹੀਨੇ ਫਿਰ ਹਰਾ ਹੋ ਜਾਂਦਾ ਹੈ। ਓਹੀ ਟਸ ਟਸ, ਊਹੀ ਜ਼ਖ਼ਮ ਮੁੜ ਹਰੇ। ਮੈਂ ਆਪਣੀ ਨੂੰਹ ਰਵਨੀਤ ਨੂੰ ਕਿਹਾ ਕਿ ਮੇਰੇ ਬੀਬੀ ਜੀ ਨਾਲ ਇਹ ਗੱਲਾਂ ਕਰਦਿਆਂ ਦੀ ਵੀਡੀਓ ਬਣਾ ਦੇ। ਟੋਟਿਆਂ ਚ ਕੁਝ ਗੱਲਾਂ ਰੀਕਾਰਡ ਤਾਂ ਕੀਤੀਆਂ ਪਰ ਮੋਬਾਈਲ ਫ਼ੋਨ ਤੇ ਉਹ ਗੱਲ ਨਾ ਬਣੀ। ਮੈਂ ਉਹ ਇੱਕ ਦੋ ਦੋਸਤਾਂ ਨੂੰ ਇਹ ਟੋਟੇ ਜੋੜਨ ਲਈ ਭੇਜੇ ਪਰ ਗੱਲ ਨਾ ਬਣੀ। ਕੱਲ੍ਹ ਉਹ ਗੱਲਾਂ ਰੀਕਾਰਡ ਕਰਨ ਲਈ ਪਰਾਇਮ ਏਸ਼ੀਆ ਟੀ ਵੀ ਚੈਨਲ ਤੋਂ ਨੰਦਪ੍ਰੀਤ ਸਿੰਘ ਚੰਡੀਗੜ੍ਹੋਂ ਆ ਗਿਆ ਚੈਨਲ ਲਈ ਰੀਕਾਰਡ ਕਰਨ ਲਈ। ਕੱਲ੍ਹ ਸ਼ਾਮ ਫਿਰ ਮੈਂ ਆਪਣੀ ਜੀਵਨ ਸਾਥਣ ਜਸਵਿੰਦਰ ਸਮੇਤ ਬੀਬੀ ਜੀ ਦੇ ਅੰਗ ਸੰਗ ਸਾਂ। ਉਹੀ ਗੱਲਾਂ ਮੁੜ ਸੁਣੀਆਂ, ਦਰਦਾਂ ਦਾ ਰੰਗ ਹੋਰ ਗੂੜ੍ਹਾ ਸੀ। ਇਨ੍ਹਾਂ ਦੁੱਖਾਂ ਦੀਆਂ ਲੰਮੀਆਂ ਕਹਾਣੀਆਂ। ਮੈਨੂੰ ਆਪਣੀ ਕਿਤਾਬ "ਖ਼ੈਰ ਪੰਜਾਂ ਪਾਣੀਆਂ ਦੀ" ਵਿੱਚੋਂ ਇਹ ਗ਼ਜ਼ਲ ਬਾਰ ਬਾਰ ਚੇਤੇ ਆ ਰਹੀ ਸੀ ਨਾਲੋ ਨਾਲ। ਇਸ ਵਿੱਚ ਮੇਰੇ ਮਾਰਿਆਂ ਦਾ ਵੀ ਦਰਦ ਹੈ। ਸਭ ਓਧਰੋਂ ਉੱਜੜ ਕੇ ਆਏ ਮਾਪਿਆਂ ਦਾ ਸਮੂਲਚਾ ਦਰਦ। ਤੁਸੀਂ ਵੀ ਪੜ੍ਹੋ!

ਨਾ ਧਰਤੀ ਨਾ ਅੰਬਰ ਝੱਲੇ, ਅੱਜ ਵੀ ਅਸੀਂ ਪਨਾਹੀਆਂ ਵਰਗੇ।
ਘਸਦੇ ਘਸਦੇ ਘਸ ਚੱਲੇ ਆਂ, ਘਾਹੀਆਂ ਦੇ ਪੁੱਤ ਘਾਹੀਆਂ ਵਰਗੇ।
ਬੜੇ ਸਲੀਕੇ ਵਾਲੇ ਘਰ ਵਿਚ, ਚੌਵੀ ਘੰਟੇ ਰਹੀਏ ਡਰ ਵਿਚ,
ਖ਼ਬਰੇ ਕਦ ਵਾਧੂ ਹੋ ਜਾਈਏ, ਵਸਤਾਂ ਕੁਝ ਅਣਚਾਹੀਆਂ ਵਰਗੇ।
ਮਰ ਚੱਲੇ ਆਂ ਹਾਉਕੇ ਭਰਦੇ, ਅੰਬਰ ਕਾਲਾ ਸਾਡੇ ਕਰਕੇ,
ਹਿੱਕ ਵਿਚ ਦੱਬੀਆਂ ਚੀਕਾਂ ਜੀਕੂੰ, ਦਰਦਮੰਦਾਂ ਦੀਆਂ ਆਹੀਆਂ ਵਰਗੇ।




ਰੱਜਿਆਂ ਖ਼ਾਤਰ ਸਾਲਣ ਬਣੀਏਂ, ਪੰਜੀਂ ਸਾਲੀਂ ਬਾਲਣ ਬਣੀਏ,
ਭੱਠੀ ਤਪਦੀ ਰੱਖਣ ਖ਼ਾਤਰ, ਦਰਿਆ ਕੰਢੇ ਕਾਹੀਆਂ ਵਰਗੇ।
ਕੰਠ ਵਿਹੂਣੀਆਂ ਜੀਕੂੰ ਬੀਨਾਂ, ਅਣਖ਼ ਬਿਨਾ ਬੇਜਾਨ ਜ਼ਮੀਰਾਂ,
ਸੁਪਨੇ, ਖੇਤ, ਜ਼ਮੀਨਾਂ ਬੰਜਰ, ਵਾਹੀਆਂ ਤੇ ਅਣਵਾਹੀਆਂ ਵਰਗੇ।
ਕਿਹੜੇ ਗਿਣੀਏ ਘਾਟੇ, ਵਾਧੇ, ਸੇਰੂ, ਪਾਵੇ ਘੁਣ ਨੇ ਖਾਧੇ,
ਵਾਣ ਪੁਰਾਣਾ ਹੋਇਆ ਜਿਸਦਾ, ਉਸ ਮੰਜੇ ਦੀਆਂ ਬਾਹੀਆਂ ਵਰਗੇ।
ਰੱਖਣ ਸੋਚਾਂ ਫ਼ਰਜ਼ ਜਗਾਈ, ਗਿਆਨ ਦੀ ਡਾਢੀ ਸ਼ਾਮਤ ਆਈ,
ਆਉਂਦੇ ਜਾਂਦੇ ਸਾਹ ਵੀ ਜਾਪਣ, ਗਲ ਵਿਚ ਪਈਆਂ ਫਾਹੀਆਂ ਵਰਗੇ।
ਗ਼ਰਜ਼ਾਂ ਦੀ ਪਰਿਕਰਮਾ ਕਰੀਏ, ਨਾ ਹੀ ਜੀਵੀਏ, ਨਾ ਹੀ ਮਰੀਏ,
ਘਰ ਸਿਰਨਾਵੇਂ ਭੁੱਲ ਗਏ ਜੋ, ਰਾਹ ਵਿਚ ਗੁੰਮੇ ਰਾਹੀਆਂ ਵਰਗੇ।
ਸ਼ਾਸਤਰਾਂ ਦੇ ਸਿਰਜਣਹਾਰੇ, ਬਣ ਗਏ ਜਦ ਤੋਂ ਸ਼ਸਤਰਧਾਰੀ,
ਅਕਲ ਕੋਟ ਦੇ ਕਿਲ੍ਹੇਦਾਰ ਵੀ, ਰਹਿ ਗਏ ਸਿਰਫ਼ ਸਿਪਾਹੀਆਂ ਵਰਗੇ।
ਮੁੱਕ ਚੱਲੇ ਆਂ, ਮਰਦੇ ਮਰਦੇ, ਸਰਹੱਦਾਂ ਦੀ ਰਾਖੀ ਕਰਦੇ,
ਰਾਜ ਘਰਾਂ ਲਈ ਸਾਡੇ ਪੁੱਤਰ, ਬਣ ਗਏ ਸਿਰਫ਼ ਗਰਾਹੀਆਂ ਵਰਗੇ।

ਬੀਬੀ ਜੀ ਨੇ ਗੱਲ ਬਾਤ ਕਰਦਿਆਂ ਆਖ਼ਰੀ ਗੱਲ ਕਹੀ ਕਿ ਜੇ ਗੋਰੇ ਨੂੰ ਕੱਢ ਹੀ ਦਿੱਤਾ ਸੀ ਤਾਂ ਸਲੂਕ ਨਾਲ ਵੱਸਦੇ ਰਹਿੰਦੇ ਬੰਦਿਆਂ ਵਾਂਗੂੰ, ਜਿਵੇਂ ਪਹਿਲਾਂ ਰਹਿੰਦੇ ਸਾਂ। ਇਕੱਠੇ ਨਰਮੇ ਕਪਾਹਾਂ ਚੁਗਦੇ। ਇੱਕੋ ਚੁੱਲ੍ਹੇ ਰੋਟੀ ਖਾਂਦੇ। ਜੇ ਨਿੱਖੜਨਾ ਹੀ ਸੀ ਤਾਂ ਸਲੂਕ ਨਾਲ ਵਿੱਛੜਦੇ। ਦਸ ਲੱਖ ਜਾਨਾਂ ਤਾਂ ਨਾ ਲੈਂਦੇ। ਓਧਰੋਂ ਏਧਰ ਉੱਜੜ ਕੇ ਆਈਆਂ ਰੂਹਾਂ ਦੇ ਮਨ ਵਿੱਚ ਇਹ ਬਰਛੇ ਵਰਗਾ ਸੁਆਲ ਅੱਜ ਵੀ ਖੜ੍ਹਾ ਹੈ।








CROWN
FUNDING
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Refer someone to us and get referral fee
Ph: 778.558.9745


GURINDER SODHI
PROUDLY PRESENTS
HM TAX
The Income Tax Experts
TEG Live
CANADA
Prime ASIA HD
TICKETS AVAILABLE ONLINE
SCAN
The Legendary
Wadali's
USTAD PURAN CHAND WADALI JI & LAKHWINDER WADALI JI
SUNDAY - SEPTEMBER 10, 2023
QUEEN ELIZABETH THEATRE
DOORS OPEN AT 6:00 PM, SHOW STARTS
FOR MORE INFORMATION OR SPONSORSHIP, CONTACT GURINDER SODHI: (778) 319-2877


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca




# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਬਲਬੀਰ ਸਿੰਘ ਸੰਘਾ ਦੀ ਪੁਸਤਕ 'ਪ੍ਰੇਮ ਕਣੀਆਂ' ਰਿਲੀਜ਼

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨ ਆਪਣੀ ਮਾਸਿਕ ਮੀਟਿੰਗ ਦੌਰਾਨ ਸਭਾ ਦੇ ਮੈਂਬਰ ਬਲਬੀਰ ਸਿੰਘ ਸੰਘਾ ਦੀ ਪੁਸਤਕ ਪ੍ਰੇਮ ਕਣੀਆਂ ਰਿਲੀਜ਼ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਬਲਬੀਰ ਸਿੰਘ ਸੰਘਾ, ਅਮਰੀਕ ਪਲਾਹੀ ਅਤੇ ਜਗਦੀਸ਼ ਬਮਰਾਹ ਨੇ ਕੀਤੀ। ਮੀਟਿੰਗ ਦਾ ਆਗਾਜ਼ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਲੋਕ ਗਾਇਕ ਸੁਰਿੰਦਰ ਸ਼ਿੰਦਾ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਇਆ। ਬਲਬੀਰ ਸਿੰਘ ਸੰਘਾ ਦੀ ਪੁਸਤਕ 'ਪ੍ਰੇਮ ਕਣੀਆਂ' ਬਾਰੇ ਪ੍ਰਿਤਪਾਲ ਗਿੱਲ, ਸੁਰਜੀਤ ਕਲਸੀ, ਇੰਦਰ ਪਾਲ ਸਿੰਘ ਸੰਧੂ (ਬਲਬੀਰ ਮਾਧੋਪੁਰੀ ਦਾ ਪਰਚਾ), ਅਮਰੀਕ ਪਲਾਹੀ, ਸਤਵੰਤ ਦੀਪਕ ਜਗਦੀਸ਼ ਬਮਰਾਹ ਵੱਲੋਂ ਪਰਚੇ ਪੜ੍ਹੇ ਗਏ। ਸੁਰਜੀਤ ਸਿੰਘ ਮਾਧੋਪੁਰੀ ਅਤੇ ਪ੍ਰੋ. ਕਸ਼ਮੀਰਾ ਸਿੰਘ ਨੇ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਲੇਖਕ ਬਲਬੀਰ ਸਿੰਘ ਸੰਘਾ ਨੇ ਆਪਣੀ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੀ ਬੇਟੀ ਹਰਸੁੱਖ ਪਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿਚ ਪੁਸਤਕ 'ਪ੍ਰੇਮ ਕਣੀਆਂ' ਦਾ ਲੋਕ ਅਰਪਣ ਕੀਤੀ ਗਈ। ਮੀਟਿੰਗ ਵਿਚ ਹਾਜਰ ਸ਼ਖ਼ਸੀਅਤਾਂ ਡਾ. ਗੁਰਮਿੰਦਰ ਸਿੱਧੂ, ਹਰਪਾਲ ਸਿੰਘ ਬਰਾੜ, ਦਰਸ਼ਨ ਸੰਘਾ, ਇੰਦਰਜੀਤ ਸਿੰਘ ਧਾਮੀ, ਸਰਵਨ ਸਿੰਘ ਰੰਧਾਵਾ, ਸਰਬਜੀਤ ਰੰਧਾਵਾ, ਹਰਚੰਦ ਗਿੱਲ, ਕ੍ਰਿਸ਼ਨ ਭਨੋਟ ,ਅਮਰੀਕ ਸਿੰਘ ਲੇਲ੍ਹ, ਹਰਸ਼ਰਨ ਕੌਰ , ਡਾ: ਬਲਦੇਵ ਸਿੰਘ ਖਹਿਰਾ, ਕਰਨਲ ਹਰਜੀਤ ਬੱਸੀ, ਬੇਅੰਤ ਸਿੰਘ ਢਿਲੋਂ, ਸਾਦਾ ਸੰਘਾ, ਹਰਬੀਰ ਸੰਘਾ, ਗੁਰਮੀਤ ਸਿੰਘ ਕਾਲਕਟ, ਨਰਿੰਦਰ ਸਿੰਘ, ਦਵਿੰਦਰ ਸਿੰਘ ਸੰਘਾ, ਰੁਪਿੰਦਰ ਕੌਰ ਬਾਜਵਾ, ਨਿਅਜੀਤ ਕੌਰ ਚਾਹਲ, ਰਣਜੀਤ ਸਿੰਘ ਪੰਨੂ, ਜਸਬੀਰ, ਮਹਿੰਦਰ ਸਿੰਘ ਘੇੜਾ, ਮਨਜੀਤ ਕੌਰ, ਸਤਵੰਤ ਸਿੰਘ ਦੀਪਕ, ਹਰਦੀਪ ਸਿੰਘ ਚਾਹਲ, ਰਣਬੀਰ ਸਿੰਘ ਬਾਜਵਾ, ਸੋਹਣ ਸਿੰਘ, ਕੇਸਰ ਸਿੰਘ ਕੂਨਰ, ਸਵਿੰਦਰ ਸਿੰਘ ਖੰਗੂਰਾ, ਜਗਮੀਤ ਸਿੰਘ ਦੰਦੀਵਾਲ, ਨਛੱਤਰ ਸਿੰਘ ਦੰਦੀਵਾਲ, ਸਰਜੀਤ ਸਿੰਘ ਜੌਹਲ, ਐਮ.ਕੇ, ਸਿਕੰਦਰ ਸਿੰਘ ਸੇਖਾ, ਹਰਮਿੰਦਰ ਸਿੰਘ, ਦਲੀਪ ਸਿੰਘ, ਪ੍ਰਭਜੀਤ ਸਿੰਘ, ਸੁਖਦੇਵ ਸਿੰਘ ਦਰਦੀ, ਗੁਰਿੰਦਰ ਜੀਤ, ਰਣਜੀਤ ਸਿੰਘ ਢੱਡਾ, ਗੁਰਮੇਲ ਬਦੇਸ਼ਾ, ਨਰਿੰਦਰ ਬਾਹੀਆ, ਹਰਬੰਸ ਕੌਰ ਬੈਂਸ, ਰਮਿੰਦਰਜੀਤ ਕੌਰ ਸੰਘਾ, ਗੁਣਵੰਤ ਬੱਸੀ, ਪਰਮਿੰਦਰ ਸਵੈਚ, ਜਸਵੀਰ ਸਰ੍ਹਾਂ, ਕਰਨਜੀਤ ਸੰਘਾ, ਦਰਸ਼ਨ ਸਿੰਘ ਸਿੱਧੂ, ਜਸਵੀਰ ਕਾਹਲੋਂ, ਅਮਰਜੀਤ ਕੌਰ, ਅਜੀਤਪਾਲ ਸੰਘਾ, ਮੇਹਰ ਸੰਘਾ, ਜਸਵੰਤ ਕੌਰ, ਮਨਜੀਤ ਮੱਲ੍ਹਾ ਵਿੱਚੋਂ ਕਈ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭਨਾਂ ਦਾ ਧੰਨਵਾਦ ਕੀਤਾ। ਮੀਟਿੰਗ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਸੁਚੱਜੇ ਢੰਗ ਨਾਲ ਕੀਤਾ।

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla

TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .






# ਅਗਲੇ ਸਾਲ ਯੰਗ ਕਬੱਡੀ ਕਲੱਬ ਟੋਰਾਂਟੋ ਕਰਵਾਏਗਾ ਵਿਸ਼ਵ ਕਬੱਡੀ ਕੱਪ, ਲੋਗੋ ਕੀਤਾ ਰਿਲੀਜ਼

ਟੋਰਾਂਟੋ-ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਵੱਲੋਂ ਹਾਲ ਹੀ ਵਿੱਚ ਓਂਟਾਰੀਓ ਫਸਟ ਸੈਂਟਰ ਹੈਮਿਲਟਨ ਵਿਖੇ ਕਰਵਾਏ ਗਏ ਕੈਨੇਡਾ ਕਬੱਡੀ ਕੱਪ ਦੀ ਸਫਲਤਾ ਤੋਂ ਬਾਅਦ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੀ ਸਰਪ੍ਰਸਤੀ 'ਚ ਅਗਲੇ ਵਰ੍ਹੇ ਵਿਸ਼ਵ ਕਬੱਡੀ ਕੱਪ ਯੰਗ ਕਬੱਡੀ ਕਲੱਬ ਵੱਲੋਂ ਕਰਵਾਉਣ ਦੇ ਐਲਾਨਨਾਮੇ ਸਬੰਧੀ ਇੱਕ ਪ੍ਰਭਾਵਸ਼ਾਲੀ ਸਮਾਗਮ ਬਰੈਂਪਟਨ ਵਿਖੇ ਕਰਵਾਇਆ ਗਿਆ। ਜਿਸ ਦੌਰਾਨ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਅਹੁਦੇਦਾਰਾਂ, ਇਸ ਨਾਲ ਸਬੰਧਤ ਕਲੱਬਾਂ ਦੇ ਅਹੁਦੇਦਾਰਾਂ ਅਤੇ ਵੱਖ-ਵੱਖ ਮੁਲਕਾਂ ਤੋਂ ਆਏ ਕਬੱਡੀ ਪ੍ਰਮੋਟਰਾਂ ਦੀ ਹਾਜ਼ਰੀ 'ਚ ਯੰਗ ਕਬੱਡੀ ਕਲੱਬ ਵੱਲੋਂ ਵਿਸ਼ਵ ਕਬੱਡੀ ਕੱਪ-2024 ਦਾ ਲੋਗੋ ਰਿਲੀਜ਼ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਯੰਗ ਕਬੱਡੀ ਕਲੱਬ ਦੇ ਨੁਮਾਇੰਦੇ ਰਾਣਾ ਸਿੱਧੂ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਅਤੇ ਸਮਾਗਮ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ। ਪਿਛਲੇ ਕੈਨੇਡਾ ਕਬੱਡੀ ਕੱਪ ਦੇ ਮੇਜ਼ਬਾਨ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੇ ਪ੍ਰਧਾਨ ਜਸਵਿੰਦਰ ਸਿੰਘ ਜਸ ਸ਼ੋਕਰ ਨੇ ਕੱਪ ਦੀ ਸਫਲਤਾ ਲਈ ਸਹਿਯੋਗ ਵਾਸਤੇ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ, ਇਸ ਨਾਲ ਜੁੜੇ ਕਲੱਬਾਂ ਦੇ ਅਹੁਦੇਦਾਰਾਂ, ਕਬੱਡੀ ਪ੍ਰਮੋਟਰਾਂ, ਖਿਡਾਰੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਫੈਡਰੇਸ਼ਨ ਦੇ ਪ੍ਰਧਾਨ ਅਰਿੰਦਰ ਸਿੰਘ ਕਾਲਾ ਹਾਂਸ ਤੇ ਜਨਰਲ ਸਕੱਤਰ ਮਨਜੀਤ ਸਿੰਘ ਘੋਤਰਾ ਨੇ ਯੂਨਾਈਟਡ ਬਰੈਂਪਟਨ ਕਬੱਡੀ ਕਲੱਬ ਵੱਲੋਂ ਕਰਵਾਏ ਗਏ ਸਫਲ ਕੱਪ ਲਈ ਮੁਬਾਰਕਬਾਦ ਦਿੱਤੀ ਅਤੇ ਯੰਗ ਕਬੱਡੀ ਕਲੱਬ ਨੂੰ ਅਗਲੇ ਵਰ੍ਹੇ ਦੇ ਕੱਪ ਲਈ ਸ਼ੁਭਕਾਮਨਾਵਾਂ ਦਿੱਤੀਆਂ। ਅਗਲੇ ਕੱਪ ਦੇ ਮੇਜ਼ਬਾਨ ਯੰਗ ਕਬੱਡੀ ਕਲੱਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਪੱਤੜ ਨੇ ਫੈਡਰੇਸ਼ਨ, ਕਲੱਬਾਂ ਤੇ ਕਬੱਡੀ ਪ੍ਰਮੋਟਰਾਂ ਨੂੰ ਅਪੀਲ ਕੀਤੀ ਕਿ ਉਹ ਹਰ ਵਾਰ ਦੀ ਤਰ੍ਹਾਂ ਅਗਲੇ ਵਰ੍ਹੇ ਦੇ ਕੱਪ ਲਈ ਵੀ ਭਰਵਾਂ ਯੋਗਦਾਨ ਦੇਣ। ਉਨ੍ਹਾਂ ਸਭ ਨੂੰ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਦਾ ਕਲੱਬ ਵਿਸ਼ਵ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਹਰ ਸੰਭਵ ਯਤਨ ਕਰੇਗਾ। ਇਸ ਮੌਕੇ ਵੱਖ-ਵੱਖ ਦੇਸ਼ਾਂ ਤੇ ਵੱਖ-ਵੱਖ ਕਲੱਬਾਂ ਦੇ ਆਗੂਆਂ ਵੱਲੋਂ ਕਬੱਡੀ ਖੇਡ ਨੂੰ ਹੋਰ ਵਧੇਰੇ ਮਿਆਰੀ ਬਣਾਉਣ ਲਈ ਬਹੁਤ ਸਾਰੇ ਸੁਝਾਅ ਦਿੱਤੇ। ਜਿਸ ਤਹਿਤ ਇਸ ਖੇਡ ਲਈ ਦੁਨੀਆ ਭਰ 'ਚ ਨਿਯਮਾਂ ਦੀ ਇੱਕਸਾਰਤਾ, ਮੁਕਾਬਲੇਬਾਜ਼ੀ ਵਧਾਉਣ, ਵੱਖ-ਵੱਖ ਮੁਲਕਾਂ 'ਚ ਕਬੱਡੀ ਲਈ ਆਪਣੇ ਖੇਡ ਮੈਦਾਨ ਬਣਾਉਣ, ਕੈਨੇਡਾ ਕੱਪ 'ਚ ਟੀਮਾਂ ਦੀ ਗਿਣਤੀ ਵਧਾਉਣ, ਆਸਟਰੇਲੀਆ ਤੇ ਇਰਾਨ ਦੀਆਂ ਟੀਮਾਂ ਸ਼ਾਮਲ ਕਰਨ ਅਤੇ ਹੋਰ ਸੁਝਾਅ ਦਿੱਤੇ ਗਏ। ਇਸ ਸਮਗਮ ਦੌਰਾਨ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਦਰਸ਼ਨ ਗਿੱਲ, ਪਿੰਕੀ ਢਿੱਲੋਂ, ਜਸ ਸੋਹਲ, ਗੁਰਲਾਟ ਸਹੋਤਾ, ਦਲਜੀਤ ਸਹੋਤਾ, ਵੱਖ-ਵੱਖ ਕਲੱਬਾਂ ਦੇ ਨੁਮਾਇੰਦੇ ਮੇਜਰ ਨੱਤ, ਨਿੰਦਰ ਧਾਲੀਵਾਲ, ਗੁਰਦੀਸ਼ ਗਰੇਵਾਲ, ਰਾਜਨੀਤਿਕ ਹਸਤੀ ਸਰਬਜੀਤ ਮੱਕੜ, ਗੁਰਜੀਤ ਪੁਰੇਵਾਲ ਵੈਨਕੂਵਰ, ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਤੋਂ ਬਲਜੀਤ ਸੰਧੂ, ਹਰਸਿਮਰਨ ਸਿੰਘ, ਇੰਗਲੈਂਡ ਕਬੱਡੀ ਫੈਡਰੇਸ਼ਨ ਤੋਂ ਰਣਜੀਤ ਢੰਡਾ, ਬੀ ਸੀ ਯੂਨਾਈਟਡ ਕਬੱਡੀ ਫੇਡਰੇਸ਼ਨ ਤੋਂ ਗਿਆਨ ਬਿਨਿੰਗ, ਲਾਲੀ ਢੇਸੀ ਤੇ ਪ੍ਰੋ. ਮੱਖਣ ਸਿੰਘ ਨੇ ਸੰਬੋਧਨ ਕੀਤਾ। ਅਖੀਰ 'ਚ ਫੈਡਰੇਸ਼ਨ ਦੇ ਚੇਅਰਮੈਨ ਜੱਸੀ ਸਰਾਏ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਗੁਰਮੁਖ ਸਿੰਘ ਅਟਵਾਲ, ਸੁੱਖਾ ਰੰਧਾਵਾ, ਜਿੰਦਰ ਬੁੱਟਰ, ਕੁਲਵੰਤ ਢੀਂਡਸਾ, ਸੇਵਾ ਸਿੰਘ ਰੰਧਾਵਾ, ਬਿੱਲਾ ਰੰਧਾਵਾ, ਰੈਂਬੋ ਸਿੱਧੂ, ਬਿੱਲਾ ਸਿੱਧੂ, ਦਲਜੀਤ ਮਾਂਗਟ, ਸੰਦੀਪ ਗੁਰਦਾਸਪੁਰ, ਕੀਪਾ ਟਾਂਡਾ, ਜੰਟੀ ਯੂਐਸਏ, ਬਲਰਾਜ ਸੰਘਾ, ਮਨਜੀਤ ਢੀਂਡਸਾ ਸਮੇਤ ਕਲੱਬਾਂ ਦੇ ਮੈਂਬਰ ਸਾਹਿਬਾਨ ਹਾਜ਼ਰ ਸਨ।






THANK YOU FOR MAKING US

2022

*Outstanding Achievement*

*National* TOP 20%

PRIVATE MORTGAGES

No Worries... We Can Help!

Easily available Private Mortgage could be just what you need.

- ★ Up to $5 million available
- ★ $10,000 to $1 million in just 24 Hours



- ★ Residential Mortgages
- ★ Commercial Mortgages
- ★ Construction Mortgages
- ★ New Immigrants
- ★ Second Mortgages
- ★ First Time Home Buyers

invis

Canada's Mortgage Experts™

MORTGAGE INTELLIGENCE®


Call today to get started

SANJEEV KATYAL

604.767.5194

info@katyalmortgage.ca

WWW.KATYALMORTGAGE.CA




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

## ਅਕਾਲੀ ਫੂਲਾ ਸਿੰਘ ਦਾ ਸ਼ਹੀਦ ਹੋਣਾ

2254 ਭਾਜ ਪਈ ਜਦ ਸੀ ਗਾਜੀਆਂ ਨੂੰ, ਸਿੰਘਾਂ ਉਨ੍ਹਾਂ ਨੂੰ ਅੱਗੇ ਲਾਇਆ ਏ।
ਫੂਲਾ ਸਿੰਘ ਨੇ ਕੀਤਾ ਜਾ ਪਿਛਾ, ਮਾਰ ਮਾਰ ਕੇ ਧਰਤ ਗਰਾਇਆ ਏ।
ਪੱਥਰ ਉਹਲੇ ਲੁਕੇ ਪਠਾਣਾ ਨੇ ਕਰਾਬੀਨ ਦਾ ਫੈਰ ਚਲਾਇਆ ਏ।
ਸਿੱਧਾ ਵੱਜਿਆ ਠਾਹ ਹਰਚੰਦ ਸਿੰਘਾ, ਫੂਲਾ ਸਿੰਘ ਜੀ ਸਵਰਗ ਸਧਾਇਆ ਏ॥

2255 ਪਿੰਡ 'ਪੀਰ ਸ਼ਬਾਕ' ਲੁੰਡਾ ਦਰਿਆ ਕੰਢੇ, ਫੂਲਾ ਸਿੰਘ ਦਾ ਦਾਹ ਸਸਕਾਰ ਕੀਤਾ।
ਸ਼ਾਹੀ ਮਾਨ ਸਨਮਾਨ ਦੇ ਨਾਲ ਉੱਥੇ, ਵਿਦਾ ਕੌਮ ਦਾ ਸੇਵਾਦਾਰ ਕੀਤਾ।
ਯਾਦਗਾਰ ਬਣਾ ਜਗੀਰ ਲਾਈ, ਪ੍ਰਬੰਧ ਲੰਗਰ ਦਾ ਉਥੇ ਸਰਕਾਰ ਕੀਤਾ।
ਹਰਚੰਦ ਸਿੰਘ ਲਈ ਨਾ ਤਲਬ ਕੋਈ, ਭਲਾ ਦੇਸ਼ ਦਾ ਮੁਫਤ ਸਰਦਾਰ ਕੀਤਾ॥

## ਸ਼ੇਰੇ ਪੰਜਾਬ ਨੇ ਸਿੰਘ ਸ਼ਹੀਦ ਕਰਵਾ ਕੇ ਅਤੇ ਪਿਸ਼ਾਵਰ ਜਿੱਤ ਕੇ ਮੁੜ ਦੁਸਮਣਾਂ ਦੇ ਸਪੁਰਦ ਕਰਨਾ

2256 ਯਾਰ ਖ਼ਾਨ ਤੇ ਦੋਸਤ ਖਾਨ ਆਕੇ, ਸਿਰ ਸਰਕਾਰ ਨੂੰ ਆਣ ਝੁਕਾ ਦਿੱਤਾ।
ਮਾਫੀ ਮੰਗ ਕੇ ਈਨ ਕਬੂਲ ਕੀਤੀ, ਹਾਕਮੀ ਵਾਸਤੇ ਪੱਲਾ ਫੈਲਾਅ ਦਿੱਤਾ।
ਦਰਿਆ ਦਿਲ ਸ਼ੇਰੇ ਪੰਜਾਬ ਦੇਖੋ, ਕਸੂਰ ਉਨ੍ਹਾਂ ਦਾ ਸਭ ਭੁਲਾ ਦਿੱਤਾ।
ਬੇਈਮਾਨਾ ਨੂੰ ਮੁੜ ਹਰਚੰਦ ਸਿੰਘਾ, ਪਿਸ਼ਵਰ ਦੂਈ ਵਾਰ ਸੰਭਾਅ ਦਿੱਤਾ॥

## ਕਵੀਓ ਵਾਚ

2257 ਰਹਿਮ ਚੰਗਾ ਕਰੋ ਉਸ ਉਤੇ, ਜੋ ਸ਼ਖਸ਼ ਰਹਿਮ ਦੇ ਯੋਗ ਭਾਈ।
ਛੁਰਾ ਪਿੱਠ ਦੇ ਵਿਚ ਜੋ ਕੱਢ ਮਾਰੇ, ਰਹਿਣ ਕੌਲ ਤੇ ਜੋ ਨਾ ਲੋਗ ਭਾਈ।
ਰਹਿਮ ਉਨ੍ਹਾਂ ਤੇ ਕਰਨਾ ਭੁੱਲ ਭਾਰੀ, ਚੰਗਾ ਉਨ੍ਹਾਂ ਦਾ ਪਾਇਆ ਭੋਗ ਭਾਈ।
ਹਰਚੰਦ ਸਿੰਘਾ ਅੰਤ ਨੂੰ ਹੋਣ ਔਖੇ, ਜੋ ਆਪ ਸਹੇੜਦੇ ਰੋਗ ਭਾਈ॥

## ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਅਤੇ ਪ੍ਰਸਿੱਧਤਾ ਵੇਖ ਕੇ ਫਿਰੰਗੀਆਂ ਨੇ ਪਿਆਰ ਜਾਲ ਪਾਉਣਾ

2258 ਪਰਬਤ ਵਾਂਗ ਜੋ ਜੰਮੇ ਸਦੀਆਂ ਤੋਂ, ਖ਼ਾਨ-ਪਠਾਨ ਸੀ ਦਿੱਤੇ ਉਖਾੜ ਸਿੰਘਾਂ।
ਕੁੰਢ ਜਿੱਥੇ ਵੀ ਫਸੇ ਕੁੰਢਿਆਂ ਦੇ, ਸਭ ਜਿੱਤ ਲਏ ਕਰ ਕੇ ਭੇੜ ਸਿੰਘਾਂ।
ਦਰਾ ਖ਼ੈਬਰ ਦੇ ਮੁਹਰੇ ਜਾ ਖੜੇ, ਡੱਕੀ ਉਥੇ ਅਫਗਾਨਾਂ ਦੀ ਹੇੜ ਸਿੰਘਾਂ।
ਹਰਚੰਦ ਸਿੰਘਾ ਧੁਰ ਵਲੈਤ ਤਾਈਂ, ਦਿੱਤੀ ਅੰਗਰੇਜ ਨੂੰ ਕੰਬਣੀ ਛੇੜ ਸਿੰਘਾਂ॥

2259 ਦੇਖ ਸ਼ਕਤੀ ਸ਼ੇਰੇ ਪੰਜਾਬ ਵਾਲੇ, ਫਿਰੰਗੀ ਥਾਂ ਥਾਂ ਮੀਟਿੰਗਾਂ ਲਾਉਣ ਲੱਗੇ।
ਹੋਰ ਚੀਜ ਦਾ ਜਾਇਜਾ ਲੈ ਸਾਰਾ, ਉਹੋ ਅੰਦਰੋਂ ਪਏ ਘਬਰਾਉਣ ਲੱਗੇ।
ਸਮਝਦਾਰ ਤੇ ਚਾਲ ਵਾਜ ਭਾਰੇ, ਜਾਲ ਪਿਆਰ ਦਾ ਉਹ ਸੀ ਪਾਉਣ ਲੱਗੇ।
ਹਰਚੰਦ ਸਿੰਘਾ ਨਜਰਾਨੇ ਤੇ ਦੇਹ ਵਸਤਾਂ, ਸ਼ੇਰੇ ਪੰਜਾਬ ਨੂੰ ਮੱਖਣ ਲਾਉਣ ਲੱਗੇ॥

2260 ਅਠਾਰਾਂ ਸੌ ਦੀ ਤੀਹ ਈਸਵੀ ਨੂੰ, ਸੁਗਾਤਾਂ ਲੈ ਜਹਾਜ ਇੱਕ ਚੱਲਿਆ ਏ।
ਲੰਦਨ ਸ਼ਹਿਰ ਤੋਂ ਵਿਲੀਅਮ ਚੌਥੇ ਨੇ, ਸ਼ੇਰੇ ਪੰਜਾਬਦੇ ਲਈ ਜੋ ਘੱਲਿਆ ਏ।
ਦਰਿਆ ਸਿੰਧ ਦੇ ਰਾਹੀਂ ਏ. ਬਰਨਸ ਨੇ, ਬੇੜਾ ਵੱਲ ਲਹੌਰ ਦੇ ਠੱਲਿਆ ਏ।
ਪਰਦਾ ਪਿਆਰ ਦਾ ਪਾ ਕੇ ਦੁਸਮਣੀ ਤੇ, ਹਰਚੰਦ ਸਿੰਘਾ ਲਹੌਰ ਆ ਮੱਲਿਆ ਏ॥

2261 21 ਜਨਵਰੀ ਅਠਾਰਾਂ ਸੌ ਕੱਤੀ, ਬਰਨਸ ਲੈ ਸੁਗਾਤਾਂ ਆਇਆ ਏ।
ਸ਼ੇਰੇ ਪੰਜਾਬ ਨੇ ਕੀਤੀ ਟਹਿਲ ਚੰਗੀ, ਸੱਚੇ ਦਿਲੋਂ ਪਿਆਰ ਨਿਭਾਇਆ ਏ।
ਕਿਸੇ ਚੀਜ ਦਾ ਉਹਲਾ ਰੱਖਿਆ ਨਾ ਸਭ ਕੁਝ ਖੋਲਕੇ ਉਸ ਦਿਖਾਇਆ ਏ।
ਹਰਚੰਦ ਸਿੰਘਾ ਡੋਗਰੇ ਪਾਪੀਆਂ ਨੂੰ, ਭੇਤ ਲੈ ਕੇ ਨਾਲ ਮਿਲਾਇਆ ਏ॥

2262 ਦੇਣ-ਲੈਣ ਸੁਗਾਤਾਂ ਦਾ ਕਰ ਮੁੜੇ, ਮੂੰਹ ਜ਼ਹਿਰੀ ਕਈਆ ਨੂੰ ਲਾ ਗਏ।
ਧਿਆਨ ਸਿੰਘ ਵਜ਼ੀਰ ਸਰਕਾਰ ਦਾ ਜੋ, ਸਬਜ ਬਾਗ ਸੀ ਉਨੂੰ ਦਿਖਾ ਗਏ।
ਤੈਨੂੰ ਵਜ਼ੀਰ ਤੋਂ ਰਾਜਾ ਬਣਾ ਦਈਏ, ਸਕੀਮ ਖ਼ੂਨੀ ਸਭ ਸਮਝਾ ਗਏ।
ਹਰਚੰਦ ਸਿੰਘਾ ਕੱਚੇ ਦੁੱਧ ਵਿਚ, ਉਹ ਨਿੰਬੂ ਨਚੋੜ ਕੇ ਪਾ ਗਏ॥

## ਡੋਗਰਿਆਂ ਨੇ ਸਿਖ ਰਾਜ ਨਾਲ ਗੱਦਾਰੀ ਕਰਨੀ

2263 ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ, ਬਣੇ ਡੋਗਰੇ ਮੁੱਖੀ ਦਰਬਾਰ ਦੇ ਜੀ।
ਇਕੋ ਖ਼ੂਨ ਤਿੰਨਾਂ ਦੇ ਵਿਚ ਦੌੜੇ, ਕਰਨ ਸਾਜਸਾਂ ਨਾਲ ਵਿਚਾਰ ਦੇ ਜੀ।
ਉਤੋਂ ਮਿਸ਼ਰੀ ਅੰਦਰੋਂ ਵਿਖ ਕੌੜੀ, ਦੁੱਧ ਪੀ ਪੀ ਡੰਗ ਉਹ ਮਾਰਦੇ ਜੀ।
ਹਰਚੰਦ ਸਿੰਘਾ ਨਮਕ ਹਰਾਮ ਤਿੰਨੇ, ਦੋਖੀ ਬਣੇ ਦੇਖੋ ਸਰਕਾਰ ਦੇ ਜੀ॥

2264 ਫੌਜ, ਡਾਕ, ਖ਼ਜਾਨਾ ਵੱਸ ਕਰਕੇ, ਤਿੰਨੇ ਡੋਗਰੇ ਰਾਜ ਚਲਾਉਣ ਲੱਗੇ।
ਹੁਕਮ ਭੇਜਕੇ ਲਿਖ ਸਰਕਾਰ ਵਲੋਂ , ਮੋਹਰ ਚੱਕ ਸਰਕਾਰ ਦੀ ਲਾਉਣ ਲੱਗੇ।
ਅਨਪੜਤਾ ਸ਼ੇਰੇ ਪੰਜਾਬ ਦੀ ਦਾ ਉਹੋ ਰਲ ਕੇ ਲਾਹਾ ਉਠਾਉਣ ਲੱਗੇ।
ਹਰਚੰਦ ਸਿੰਘਾ ਖ਼ੂਨੀ ਸਰਾਲ ਵਾਂਗੂੰ, ਮਾਰੂ ਵਲੇਵਾਂ ਸਰਕਾਰ ਨੂੰ ਪਾਉਣ ਲੱਗੇ॥

2265 ਧਿਆਨ ਸਿੰਘ ਦੇ ਘਰ ਸੀ ਪੁੱਤ ਹੋਇਆ, ਨਾਮ ਹੀਰਾ ਸਿੰਘ ਕਹਾਵੰਦਾ ਏ।
ਸਰਕਾਰ ਜਦ ਵੀ ਵਹੇ ਤਖ਼ਤ ਉਤੇ, ਗੋਦ ਉਸ ਦੀ ਲਿਆ ਬਹਾਂਵੰਦਾ ਏ।
ਮਹਾਰਾਜ ਨਿਤ ਹੀਰੇ ਦੇ ਸਿਰ ਉਤੋ, ਮੁਹਰਾਂ ਪੰਜ ਸੌ ਦਾਨ ਕਰਾਵੰਦਾ ਏ।
ਹਰਚੰਦ ਸਿੰਘਾ ਪਿੱਛੇ ਕਰ ਵਾਰਸਾਂ ਨੂੰ, ਪੁੱਤ ਆਪਣਾ ਅੱਗੇ ਲਿਆਂਵਦਾਏ॥

## ਲਾਰਡ ਬਿਨਟਿੰਕ ਤੇ ਸ਼ੇਰੇ ਪੰਜਾਬ ਦੀ ਮਿਲਣੀ

2266 ਬਿਟਿੰਕ ਲਾਟ ਸੀ ਗਰਮੀਆਂ ਵਿਚ ਅਪਣਾ, ਦਫ਼ਤਰ ਸਿਮਲੇ ਆਣਕੇ ਲਾਂਵਦਾ ਜੀ।
ਠੰਡਾ ਥਾਂ ਸੁਹਾਵਣਾ ਅੱਤ ਸੁਹਣਾ, ਮਨ ਉਸਦੇ ਬੜਾ ਹੀ ਭਾਂਵਦਾ ਜੀ।
ਖਤੋ-ਖਤਾਬ ਉਹ ਬਾਹਰੀ ਮਸਲਿਆਂ ਦੇ, ਮਹਾਰਾਜ ਦੇ ਨਾਲ ਚਲਾਂਵਦਾ ਜੀ।
ਸਿਖ ਰਾਜ ਉਨ੍ਹਾਂ ਲਈ ਢਾਲ ਬਣਿਆ, ਅੰਗਰੇਜ ਤਾਂਹੀ ਤੇ ਦੋਸਤੀ ਪਾਂਵਦਾ ਜੀ॥

2267 ਕਈ ਅੱਤ ਜਰੂਰੀ ਮਸਲਿਆਂ ਤੇ, ਵਿਚਾਰ ਕਰਨ ਦਾ ਵਕਤ ਮਿਲਾਇਆ ਏ।
ਅਸੀਂ ਮਿਲਣਾ ਸ਼ੇਰਿ ਪੰਜਾਬ ਤਾਈਂ, ਸੁਨੇਹਾ ਲਾਟ ਨੇ ਤੁਰਤ ਭਿਜਵਾਇਆਏ।
ਸ਼ੇਰਿ ਪੰਜਾਬ ਨੇ ਉਹ ਪਰਵਾਨ ਕੀਤਾ, ਰੋਪੜ ਮਿਲਣ ਦਾ ਥਾਂ ਬਣਾਇਆ ਏ॥
ਹਰਚੰਦ ਸਿੰਘਾ ਕੰਢੇ ਸਤਲੁਜ ਦੇ ਸ਼ੇਰੇ ਪੰਜਾਬ ਦਰਬਾਰ ਆ ਲਾਇਆ ਏ॥

2268 ਸ਼ੇਰੇ ਪੰਜਾਬ ਤੇ ਸਿਖ ਰਾਜ ਵਾਲੇ, ਚਰਚੇ ਵਿਚ ਸੀ ਸਾਰੇ ਜਹਾਨ ਹੋਏ
ਕਰੀ ਕਾਇਮ ਸਿੰਘਾਂ ਨੇ ਬਾਦਸ਼ਾਹੀ, ਜੱਗ ਵਾਲੇ ਵੇਖ ਹੈਰਾਨ ਹੋਏ।
ਗੁਲਾਮੀ ਲਾਹ ਕੇ ਅੱਠਾਂ ਸਦੀਆਂ ਦੀ, ਉਚੇ ਸਿੰਘਾਂ ਦੇ ਅੱਜ ਨਿਸ਼ਨ ਹੋਏ।
ਹਰਚੰਦ ਸਿੰਘਾ ਖਾਲਸਾ ਰਾਜ ਸਾਂਝਾ, ਸਾਰੇ ਧਰਮ ਸੀ ਇਕ ਸਮਾਨ ਹੋਏ॥

2269 ਸ਼ੇਰੇ ਪੰਜਾਬ ਸੀ ਜਿੰਦਾ ਦਿਲ ਰਾਜਾ, ਬਫਾਦਾਰ ਤੇ ਯਾਰਾ ਦਾ ਯਾਰ ਬੇਲੀ।
ਜਿੰਦ ਵਾਰੇ ਦੋਸਤਾਂ ਮਿਤਰਾਂ ਤੇ, ਦੁਸ਼ਮਨ ਵਾਸਤੇ ਤਿੱਖੀ ਤਲਵਾਰ ਬੇਲੀ।
ਬਿਨਾ ਵਝਾ ਨਾ ਕਿਸੇ ਤੇ ਵਾਰ ਕਰਦਾ, ਧਰਮ ਉਸਦਾ ਪਰ ਉਪਕਾਰ ਬੇਲੀ।
ਹਰਚੰਦ ਸਿੰਘਾ ਕੂਕਰ ਪਰਜਾ ਦਾ, ਉਝ ਕਹਿਣ ਨੂੰ ਉਹ ਸਰਕਾਰ ਬੇਲੀ॥

2270 ਨਿੱਕੀ ਉਮਰੇ ਫੜ ਤਲਵਾਰ ਲਈ, ਰਿਹਾ ਸੱਖਣਾ ਲਿਖਾਈ ਪੜਾਈ ਵੱਲੋਂ।
ਸਿੱਖ ਰਾਜ ਜੁਆਨ ਨੇ ਖੜ੍ਹਾ ਕੀਤਾ, ਫੁਰਸਤ ਮਿਲੀ ਨਾ ਮੂਲ ਲੜਾਈ ਵਲੋਂ।
ਮੁਹਿਮਾ ਮੁਸ਼ਕਲਾਂ ਜਦ ਵੀਆਣ ਖੜੀਆਂ, ਘੌਲ ਕੀਤੀ ਨਾ ਕਦੇ ਚੜ੍ਹਾਈ ਵਲੋਂ।
ਹਰਚੰਦ ਸਿੰਘਾ ਵਲੀ ਬੇਖ਼ੌਫ਼ ਯੋਧਾ, ਇਕੋ ਸਾਰ ਲੰਬਾਈ ਚੜਾਈ ਵਲੋਂ॥

2271 ਕਈ ਦਿਨ ਸੀ ਲਾਟ ਦੇ ਨਾਲ ਰਿਹਾ, ਆਪਸ ਵਿਚ ਅਦਾਨ-ਪ੍ਰਧਾਨ ਕੀਤਾ।
ਜਿਨੇ ਆਏ ਉਸ ਤੋਂ ਵੱਧ ਦਿੱਤੇ, ਤੋਫ਼ੇ ਦੇਣ ਦੇ ਵਿਚਨਾ ਕਾਨ ਕੀਤਾ।
ਸਮਿਆਨੇ ਕੀਮਤੀ ਫੌਜ ਦੀ ਦਿਖ ਸੁਹਣੀ, ਲਾਟ ਸਾਹਿਬ ਸੀ ਬੜਾ ਹੈਰਾਨ ਕੀਤਾ।
ਖ਼ੁਸ਼ੀ ਖ਼ੁਸ਼ੀ ਮਿਲਣੀ ਖਤਮ ਹੋਈ, ਇਕ ਦੂਏ ਦਾ ਰੱਜ ਕੇ ਮਾਨ ਕੀਤਾ॥

## ਕਾਲ ਪੈਣਾ

2272 ਇਕ ਵੇਰ ਰਣਜੀਤ ਦੇ ਰਾਜ ਅੰਦਰ, ਆਇਆ ਐਸਾ ਮਾੜਾ ਸਾਲ ਭਾਈ।
ਗੇੜ ਸਮੇਂ ਦਾ ਵਾਰਸਾਂ ਵਰ੍ਹੀਆਂ ਨਾ, ਸੁੱਕੀ ਧਰਤੀ ਸੋਕਿਆ ਨਾਲ ਭਾਈ।
ਪੱਠੇ, ਅੰਨ, ਤੇ ਸਬਜ਼ੀਆਂ ਫ਼ਲ ਮੁੱਕੇ, ਪਿਆ ਦੇਸ਼ ਦੇ ਵਿਚਸੀ ਕਾਲ ਭਾਈ।
ਹਰਚੰਦ ਸਿੰਘਾ ਪਸ਼ੂ ਵੀ ਮਰਨ ਲੱਗੇ, ਹੋਈ ਪਰਜਾ ਬੁਰੇ ਹਾਲ ਭਾਈ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਕਾਰੀ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", **Msc, MCA** ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-763-3541.

## MATRIMONIALS

ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦਚਦਨਟ ਫਰੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanld@hotmlal.ca

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।

**Contact: 604-897-1298,**

**Whatsapp Number: 99-156-52029**

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

****************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ। ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈਂਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਕੁ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ ਧਵਫ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਰੂਸ ਵੱਲੋਂ ਯੂਕਰੇਨ ਦੇ ਅਨਾਜ ਗੋਦਾਮਾਂ ’ਤੇ ਮੁੜ ਹਮਲਾ

ਕੀਵ-ਰੂਸ ਨੇ ਯੂਕਰੇਨ ਦੇ ਦੱਖਣੀ ਓਡੇਸਾ ਖੇਤਰ ਵਿੱਚ ਅਨਾਜ ਗੋਦਾਮਾਂ ਨੂੰ ਨਿਸ਼ਾਨਾ ਬਣਾ ਕੇ ਇੱਕ ਵਾਰ ਫਿਰ ਹਮਲਾ ਕੀਤਾ ਹੈ। ਸਥਾਨਕ ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਲੰਘੀ ਰਾਤ ਡਰੋਨ ਰਾਹੀਂ ਦਾਨੂਬੇ ਨਦੀ ਕੰਢੇ ਬੰਦਰਗਾਹਾਂ ਅਤੇ ਉਨ੍ਹਾਂ ਅਨਾਜ ਗੋਦਾਮਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਨ੍ਹਾਂ ਦੀ ਵਰਤੋਂ ਯੂਕਰੇਨ ਵੱਲੋਂ ਯੂਰੋਪ ਨੂੰ ਅਨਾਜ ਭੇਜਣ ਲਈ ਕੀਤੀ ਜਾ ਰਹੀ ਹੈ। ਕਾਲਾ ਸਾਗਰ ਰਾਹੀਂ ਜੰਗੀ ਸਮੇਂ ਦੌਰਾਨ ਬਰਾਮਦ ਸਬੰਧੀ ਇੱਕ ਮੁੱਖ ਸਮਝੌਤਾ ਰੂਸ ਵੱਲੋਂ ਤੋੜੇ ਜਾਣ ਮਗਰੋਂ ਯੂਕਰੇਨ ਨੇ ਇਨ੍ਹਾਂ ਬੰਦਰਗਾਹਾਂ ਦੀ ਵਰਤੋਂ ਵਧਾਈ ਹੈ। ਇਸੇ ਦੌਰਾਨ 17 ਮਹੀਨੇ ਪਹਿਲਾਂ ਸ਼ੁਰੂ ਹੋਏ ਰੂਸੀ ਹਮਲੇ ਤੋਂ ਬਾਅਦ ਓਡੇਸਾ ਦੀ ਬੰਦਰਗਾਹ ‘ਤੇ ਫਸਿਆ ਹੋਇਆ ਮਾਲ ਵਾਹਕ (ਕੰਟੇਨਰਾਂ ਵਾਲਾ) ਜਹਾਜ਼ ਰਵਾਨਾ ਹੋ ਗਿਆ। ਉਹ ਕਾਲਾ ਸਾਗਰ ਰਸਤੇ ਬੋਸਪੋਰਸ ਜਾ ਰਿਹਾ ਹੈ। ਓਡੇਸਾ ਦੇ ਗਵਰਨਰ ਓਲੇਹ ਕਿਪਰ ਨੇ ਕਿਹਾ ਕਿ ਰਾਤ ਨੂੰ ਰੂਸ ਵੱਲੋਂ ਕੀਤੀ ਗਈ ਡਰੋਨ ਬੰਬਾਰੀ ਦਾ ਮੁੱਢਲਾ ਨਿਸ਼ਾਨਾ ਬੰਦਰਗਾਹੀ ਟਰਮੀਨਲ ਤੇ ਅਨਾਜ ਵਾਲੀਆਂ ਥਾਵਾਂ ਸਨ ਜਿਨ੍ਹਾਂ ਵਿੱਚ ਦਾਨੂਬੇ ਡੈਲਟਾ ਦੀਆਂ ਬੰਦਰਗਾਹਾਂ ਵੀ ਸ਼ਾਮਲ ਸਨ। ਕਿਪਰ ਮੁਤਾਬਕ ਹਵਾਈ ਸੁਰੱਖਿਆ ਪ੍ਰਣਾਲੀ 13 ਡਰੋਨਾਂ ਨੂੰ ਰੋਕਣ ‘ਚ ਸਫਲ ਰਹੀ। ਦੱਸਣਯੋਗ ਹੈ ਕਿ ਦਾਨੂਬੇ ਯੂਰੋਪ ਦੀ ਦੂਰੀ ਸਭ ਤੋਂ ਵੱਡੀ ਨਦੀ ਅਤੇ ਆਵਾਜਾਈ ਦਾ ਇਹ ਅਹਿਮ ਰੂਟ ਹੈ। ਇਸੇ ਦੌਰਾਨ ਯੂਕਰੇਨ ਦੇ ਉਪ ਪ੍ਰਧਾਨ ਮੰਤਰੀ ਓਲਕਜ਼ੈਂਡਰ ਕੁਬਰਾਕੋਵ ਨੇ ਕਿਹਾ ਕਿ ਓਡੇਸਾ ਤੋਂ ਰਵਾਨਾ ਹੋਣ ਵਾਲਾ ਹਾਂਗਕਾਂਗ ਦੇ ਝੰਡੇ ਵਾਲਾ ਕੰਟੇਨਰ ਜਹਾਜ਼ 16 ਜੁਲਾਈ ਤੋਂ ਬਾਅਦ ਰਵਾਨਾ ਹੋਣ ਵਾਲਾ ਪਹਿਲਾ ਜਹਾਜ਼ ਸੀ। ਇਹ ਫਰਵਰੀ 2022 ਤੋਂ ਓਡੇਸਾ ‘ਚ ਫਸਿਆ ਹੋਇਆ ਸੀ।








# ਦਿੱਲੀ ਦੇ ਸਰਕਾਰੀ ਸਕੂਲ ’ਚ ਅਧਿਆਪਕ ਨੇ 6ਵੀਂ ਦੇ ਬੱਚੇ ਨੂੰ ਮਾਰੇ ਥੱਪੜ, ਵਿਦਿਆਰਥੀ ਹਸਪਤਾਲ ‘ਚ ਦਾਖਲ

ਨਵੀਂ ਦਿੱਲੀ-ਉੱਤਰ-ਪੂਰਬੀ ਦਿੱਲੀ ਦੇ ਤੁਕਮੀਰਪੁਰ ਖੇਤਰ ‘ਚ ਸਰਕਾਰੀ ਸਕੂਲ ਦੇ ਛੇਵੀਂ ਦੇ ਵਿਦਿਆਰਥੀ ਨੂੰ ਹਿੰਦੀ ਪਾਠ ਪੁਸਤਕ ਲਿਆਉਣਾ ਭੁੱਲਣ ਕਾਰਨ ਅਧਿਆਪਕ ਵੱਲੋਂ ਕਥਿਤ ਥੱਪੜ ਮਾਰਨ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸ਼ਨਿਚਰਵਾਰ ਨੂੰ ਪੁਲੀਸ ਨੂੰ ਜੀਟੀਬੀ ਹਸਪਤਾਲ ਤੋਂ ਸੂਚਨਾ ਮਿਲੀ ਕਿ 7 ਅਗਸਤ ਨੂੰ 12 ਸਾਲਾ ਲੜਕੇ ਨੂੰ ਉਸ ਦੇ ਸਕੂਲ ਅਧਿਆਪਕ ਦੁਆਰਾ ਕੁੱਟਣ ਤੋਂ ਬਾਅਦ ਦਾਖਲ ਕਰਵਾਇਆ ਗਿਆ। ਅਧਿਕਾਰੀ ਨੇ ਦੱਸਿਆ ਕਿ ਲੜਕੇ ਦੇ ਪਿਤਾ ਦੀ ਸ਼ਿਕਾਇਤ ‘ਤੇ ਸਾਦੁਲ ਹਸਨ ਖ਼ਿਲਾਫ਼ ਦਿਆਲਪੁਰ ਪੁਲੀਸ ਸਟੇਸ਼ਨ ‘ਚ ਆਈਪੀਸੀ ਦੀ ਧਾਰਾ 341 ਅਤੇ 323 ਤਹਿਤ ਮਾਮਲਾ ਦਰਜ ਕੀਤਾ ਗਿਆ। ਪੁਲੀਸ ਮੁਤਾਬਕ ਬੱਚਾ ਆਪਣੀ ਹਿੰਦੀ ਦੀ ਪਾਠ ਪੁਸਤਕ ਸਕੂਲ ਲਿਆਉਣਾ ਭੁੱਲ ਗਿਆ ਸੀ, ਜਿਸ ਕਾਰਨ ਅਧਿਆਪਕ ਗੁੱਸੇ ਵਿੱਚ ਸੀ। ਜਦੋਂ ਲੜਕਾ ਕਲਾਸ ‘ਚੋਂ ਬਾਹਰ ਜਾ ਰਿਹਾ ਸੀ ਤਾਂ ਹਸਨ ਨੇ ਉਸ ਨੂੰ ਜਾਣ ਤੋਂ ਰੋਕਿਆ ਅਤੇ ਥੱਪੜ ਮਾਰ ਦਿੱਤਾ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਨੇ ਪੀੜਤ ਦੀ ਗਰਦਨ ਵੀ ਦਬਾਈ ਸੀ। ਘਟਨਾ ਤੋਂ ਬਾਅਦ ਲੜਕੇ ਦੀ ਹਾਲਤ ਵਿਗੜਨ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ ਉਸ ਦੇ ਪਿਤਾ ਨੇ ਪੁਲੀਸ ਕੋਲ ਪਹੁੰਚ ਕੀਤੀ। ਉਨ੍ਹਾਂ ਨੇ ਕਿਹਾ ਕਿ ਅਧਿਆਪਕ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਾਅਦ ਵਿੱਚ ਜ਼ਮਾਨਤ ‘ਤੇ ਛੱਡ ਦਿੱਤਾ ਗਿਆ।




METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract



Residential & Commercial

Gurvinder Sanghera: 604-729-1435
Email: gsanghera77@gmail.com




# ਹਾਈ ਬਲੱਡ ਪ੍ਰੈਸ਼ਰ ਲਈ ਵਰਦਾਨ ਤੋਂ ਘੱਟ ਨਹੀਂ ਪਿਆਜ਼ ਦੇ ਛਿਲਕੇ

ਨਵੀਂ ਦਿੱਲੀ-ਖ਼ਰਾਬ ਰੁਟੀਨ, ਗ਼ਲਤ ਖਾਣ-ਪੀਣ ਅਤੇ ਤਣਾਅ ਕਾਰਨ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੁੰਦੀ ਹੈ। ਹਾਈ ਬਲੱਡ ਪ੍ਰੈਸ਼ਰ ਵਧਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸ ਦੇ ਲਈ ਹਾਈ ਬੀਪੀ ਨੂੰ ਕੰਟਰੋਲ 'ਚ ਰੱਖਣਾ ਜ਼ਰੂਰੀ ਹੈ। ਸਿਹਤ ਮਾਹਿਰਾਂ ਅਨੁਸਾਰ ਸਰੀਰ ਵਿੱਚ ਜ਼ਿਆਦਾ ਤਣਾਅ ਅਤੇ ਸੋਡੀਅਮ ਦੇ ਅਸੰਤੁਲਨ ਕਾਰਨ ਬਲੱਡ ਪ੍ਰੈਸ਼ਰ ਵਧਣ ਲੱਗਦਾ ਹੈ। ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਪੋਟਾਸ਼ੀਅਮ ਨਾਲ ਭਰਪੂਰ ਚੀਜ਼ਾਂ ਨੂੰ ਡਾਈਟ 'ਚ ਸ਼ਾਮਲ ਕਰੋ। ਪੋਟਾਸ਼ੀਅਮ ਸਰੀਰ ਵਿੱਚ ਸੋਡੀਅਮ ਨੂੰ ਸੰਤੁਲਿਤ ਕਰਦਾ ਹੈ। ਨਾਲ ਹੀ, ਰੋਜ਼ਾਨਾ ਕਸਰਤ ਕਰੋ। ਇਸ ਤੋਂ ਇਲਾਵਾ ਪਿਆਜ਼ ਦੇ ਛਿਲਕੇ ਹਾਈ ਬੀਪੀ ਨੂੰ ਕੰਟਰੋਲ ਕਰਨ 'ਚ ਵੀ ਮਦਦਗਾਰ ਹੁੰਦੇ ਹਨ। ਕਈ ਖੋਜਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਿਆਜ਼ ਦਾ ਛਿਲਕਾ ਹਾਈ ਬੀਪੀ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਵੀ ਹਾਈ ਬੀਪੀ ਦੇ ਮਰੀਜ਼ ਹੋ ਅਤੇ ਵਧਦੇ ਬੀਪੀ ਨੂੰ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਪਿਆਜ਼ ਦੇ ਛਿਲਕੇ ਦਾ ਸੇਵਨ ਕਰ ਸਕਦੇ ਹੋ।




ਆਓ ਜਾਣਦੇ ਹਾਂ ਇਸ ਬਾਰੇ ਸਭ ਕੁਝ-ਪਿਆਜ਼-ਪਿਆਜ਼ ਦੀ ਵਰਤੋਂ ਸੁਆਦ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ। ਇਸ 'ਚ ਜ਼ਰੂਰੀ ਪੋਸ਼ਕ ਤੱਤ ਆਇਰਨ, ਫਾਈਬਰ, ਫੋਲੇਟ ਪੋਟਾਸ਼ੀਅਮ, ਵਿਟਾਮਿਨ ਏ, ਬੀ6, ਬੀ-ਕੰਪਲੈਕਸ ਪਾਏ ਜਾਂਦੇ ਹਨ। ਇਸ ਦੇ ਨਾਲ ਹੀ ਇਸ ਵਿੱਚ ਐਂਟੀਆਕਸੀਡੈਂਟ, ਐਂਟੀ-ਇਫਲੇਮੇਟਰੀ, ਐਂਟੀ-ਐਲਰਜੀ ਅਤੇ ਐਂਟੀ-ਕਾਰਸੀਨੋਜੇਨਿਕ ਗੁਣ ਵੀ ਹੁੰਦੇ ਹਨ, ਜੋ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਵਿੱਚ ਫਾਇਦੇਮੰਦ ਹੁੰਦੇ ਹਨ। ਖਾਸ ਤੌਰ 'ਤੇ ਪਿਆਜ਼ ਦੀਆਂ ਪੱਤੀਆਂ ਅਤੇ ਛਿਲਕਿਆਂ 'ਚ ਪਾਇਆ ਜਾਣ ਵਾਲਾ ਜ਼ਰੂਰੀ ਪੋਟਾਸ਼ੀਅਮ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦਗਾਰ ਹੁੰਦਾ ਹੈ। ਇਸ ਦੇ ਲਈ ਹਾਈ ਬੀਪੀ ਦੇ ਮਰੀਜ਼ਾਂ ਨੂੰ ਪਿਆਜ਼ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।



### ਪਿਆਜ਼ ਦੇ ਛਿਲਕੇ ਦਾ ਸੇਵਨ ਕਿਵੇਂ ਕਰੀਏ

ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਪਿਆਜ਼ ਦੇ ਛਿਲਕੇ ਦਾ ਕਾੜ੍ਹਾ ਜਾਂ ਚਾਹ ਬਣਾ ਕੇ ਸੇਵਨ ਕਰ ਸਕਦੇ ਹਨ। ਇਸ ਦੇ ਲਈ ਪਿਆਜ਼ ਦੇ ਛਿਲਕੇ ਨੂੰ ਇੱਕ ਗਲਾਸ ਪਾਣੀ ਵਿੱਚ ਚੰਗੀ ਤਰ੍ਹਾਂ ਉਬਾਲੋ। ਜਦੋਂ ਇਹ ਉਬਲ ਜਾਵੇ ਤਾਂ ਸ਼ਹਿਦ ਮਿਲਾ ਕੇ ਇਸ ਦਾ ਸੇਵਨ ਕੀਤਾ ਜਾ ਸਕਦਾ ਹੈ। ਤੁਸੀਂ ਪਿਆਜ਼ ਦੇ ਛਿਲਕਿਆਂ ਨੂੰ ਮਿਲਾ ਕੇ ਵੀ ਗ੍ਰੀਨ ਟੀ ਦਾ ਸੇਵਨ ਕਰ ਸਕਦੇ ਹੋ। ਇਸ ਦਾ ਫਾਇਦਾ ਵੀ ਹੋਵੇਗਾ। ਹਾਲਾਂਕਿ, ਮਾਤਰਾ ਬਾਰੇ ਡਾਕਟਰ ਨਾਲ ਸਲਾਹ ਕਰੋ।




# ਕੜ੍ਹੀ ਪੱਤੇ ਦੇ ਫਾਇਦੇ

## ਕੋਲੈਸਟ੍ਰੋਲ ਘਟਾਉਣ ਸਮੇਤ ਪਾਚਨ ਨੂੰ ਸਿਹਤਮੰਦ ਰੱਖਦਾ ਹੈ ਕੜ੍ਹੀ ਪੱਤਾ

ਕੜ੍ਹੀ ਪੱਤੇ ਨੂੰ ਅਸੀਂ ਰੋਜ਼ਾਨਾ ਸਵੇਰੇ ਇਸਤੇਮਾਲ ਕਰਦੇ ਹਾਂ। ਲਗਪਗ ਹਰ ਘਰ ਵਿਚ ਕੜ੍ਹੀ ਪੱਤੇ ਦਾ ਇਸਤੇਮਾਲ ਕਿਸੇ ਨਾ ਕਿਸੇ ਤਰ੍ਹਾਂ ਨਾਲ ਕੀਤਾ ਜਾ ਰਿਹਾ ਹੈ। ਕੜ੍ਹੀ ਪੱਤਾ ਖਾਣੇ ਦਾ ਸਵਾਦ ਤਾਂ ਵਧਾਉਂਦੀ ਹੀ ਹੈ, ਨਾਲ ਹੀ ਇਸ ਨੂੰ ਖਾਣ ਦੇ ਵੀ ਕਈ ਫਾਇਦੇ ਹਨ। ਇਸ ਵਿਚ ਪ੍ਰੋਟੀਨ, ਆਇਰਨ, ਐਂਟੀ-ਆਕਸੀਜਨ,ਐਂਟੀ-ਵਾਇਰਲ ਗੁਣ ਹੁੰਦੇ ਹਨ, ਜੋ ਸਿਹਤ ਲਈ ਕਾਫੀ ਫਾਇਦੇਮੰਦ ਹੁੰਦੇ ਹੈ। ਇਸ ਨੂੰ ਪਾਣੀ 'ਚ ਉਬਾਲ ਕੇ ਪੀਣ ਨਾਲ ਬਹੁਤ ਜ਼ਿਆਦਾ ਲਾਭ ਹੁੰਦੇ ਹਨ। ਆਓ ਜਾਣੀਏ...

- ਕੜ੍ਹੀ ਪੱਤਾ ਪਾਣੀ 'ਚ ਉਬਾਲ ਕੇ ਵਜ਼ਨ ਘੱਟ ਹੋਣ ਵਿੱਚ ਮਦਦ ਮਿਲਦੀ ਹੈ। ਕੜੀ ਪੱਤਾ ਕੋਲੇਸਟਰੋਲ ਨੂੰ ਘੱਟ ਕਰਦਾ ਹੈ। ਨਾਲ ਹੀ ਟ੍ਰਾਈਗਿਲਸਰਾਈਡ ਦੇ ਸਤਰ ਨੂੰ ਨਿਯਤਰਣ ਰੱਖਦਾ ਹੈ, ਜਿਸ ਨਾਲ ਭਾਰ ਘਟਾਉਣ 'ਚ ਮਦਦ ਮਿਲਦੀ ਹੈ।
- ਇਸ ਵਿਚ ਜ਼ਿਆਦਾ ਮਾਤਰਾ 'ਚ ਫਾਈਬਰ ਪਾਇਆ ਜਾਂਦਾ ਹੈ, ਜਿਸ ਨਾਲ ਲੰਬੇ ਸਮੇਂ ਤਕ ਪੇਟ ਭਰਿਆ ਰਹਿੰਦਾ ਹੈ। ਇਸ ਦੇ ਸੇਵਨ ਨਾਲ ਜ਼ਿਆਦਾ ਖਾਣ ਦੀ ਸਮੱਸਿਆ ਵੀ ਨਹੀਂ ਆਉਂਦੀ।
- ਕੜ੍ਹੀ ਪੱਤੇ ਦੇ ਸੇਵਨ ਨਾਲ ਬਲੱਡ ਸ਼ੂਗਰ ਲੈਵਲ ਵੀ ਕੰਟਰੋਲ ਰਹਿੰਦਾ ਹੈ। ਡਾਈਬਿਟੀਜ਼ ਦੇ ਰੋਗੀਆਂ ਨੂੰ ਰੋਜ਼ਾਨਾ 2-3 ਕੜ੍ਹੀ ਪੱਤਿਆਂ ਦਾ ਸੇਵਨ ਕਰਨਾ ਚਾਹੀਦਾ ਹੈ।
- ਇਸ ਨਾਲ ਪਾਚਨ ਤੰਤਰ ਵੀ ਮਜ਼ਬੂਤ ਰਹਿੰਦਾ ਹੈ। ਕੜ੍ਹੀ ਪੱਤਾ ਖਾਣ ਨਾਲ ਮੈਟਾਬੌਲਿਜ਼ਮ ਵੀ ਕੰਟਰੋਲ ਹੁੰਦਾ ਹੈ।
- ਕੜ੍ਹੀ ਪੱਤੇ ਪਾਣੀ 'ਚ ਉਬਾਲ ਕੇ ਪੀਣ ਨਾਲ ਇਮਊਨਿਟੀ ਮਜ਼ਬੂਤ ਹੁੰਦੀ ਹੈ। ਇਸ ਵਿਚ ਮੌਜੂਦ ਐਂਟੀਆਕਸੀਡੈਂਟ ਗੁਣ ਇਮਿਊਨਿਟੀ ਵਧਾਉਣ 'ਚ ਮਦਦ ਕਰਦੇ ਹੈ ਜਿਸ ਨਾਲ ਤੁਸੀਂ ਕਈ ਬਿਮਾਰੀਆਂ ਤੋਂ ਬਚ ਸਕਦੇ ਹਾਂ।
- ਇਹ ਲਿਵਰ ਲਈ ਵੀ ਫਾਇਦੇਮੰਦ ਹੁੰਦਾ ਹੈ। ਇਸ ਵਿਚ ਮੌਜੂਦ ਟੈਨਿਨ ਤੇ ਕਾਰਬਾਜੋਲ ਐਲਕਲਾਇਡ ਵਰਗੇ ਤੱਤਾਂ 'ਚ ਹੈਪਟੋਪ੍ਰੋਟੈਕਟਿਵ ਗੁਣ ਪਾਏ ਜਾਂਦੇ ਹਨ, ਜੋ ਲਿਵਰ ਦਾ ਸਹੀ ਢੰਗ ਨਾਲ ਕੰਮ ਕਰਨ ਵਿਚ ਮਦਦ ਕਰਦਾ ਹੈ। ਇਸ ਦੇ ਸੇਵਨ ਨਾਲ ਹੈਪੇਟਾਈਟਸ ਤੇ ਸਿਰੋਸਿਸ ਵਰਗੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।
- ਕੜ੍ਹੀ ਪੱਤਾ ਮਸਲ ਦੇ ਨਿਰਮਾਣ ਲਈ ਵੀ ਜ਼ਰੂਰੀ ਹੈ। ਇਸ ਵਿਚ ਮੌਜੂਦ ਪ੍ਰੋਟੀਨ ਨਾਲ ਮਾਸਪੇਸ਼ੀਆਂ ਨੂੰ ਮਜ਼ਬੂਤੀ ਮਿਲਦੀ ਹੈ।
- ਕੜ੍ਹੀ ਪੱਤੇ ਦੇ ਸੇਵਨ ਨਾਲ ਵੀ ਤਣਾਅ ਦੂਰ ਹੁੰਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਗੁਣ ਤਣਾਅ ਘਟਾਉਣ 'ਚ ਸਹਾਇਕ ਹੁੰਦਾ ਹੈ। ਰੋਜ਼ਾਨਾ ਇਕ ਗਿਲਾਸ ਕੜ੍ਹੀ ਪੱਤੇ ਦਾ ਪਾਣੀ ਪੀਣੇ ਨਾਲ ਤਣਾਅ ਘੱਟ ਹੁੰਦਾ ਹੈ।

# ਸੰਨੀ ਦਿਓਲ ਦੀ 'ਗਦਰ 2' ਨੇ ਤੋੜੇ ਰਿਕਾਰਡ, ਕੀਤੀ ਜ਼ਬਰਦਸਤ ਕਮਾਈ

ਮੁੰਬਈ-ਸੰਨੀ ਦਿਓਲ ਦੀ ਫਿਲਮ ਗਦਰ 2 ਨੇ ਕਮਾਈ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਫਿਲਮ ਬਾਕਸ ਆਫਿਸ 'ਤੇ ਜ਼ਬਰਦਸਤ ਕਮਾਈ ਕਰ ਰਹੀ ਹੈ ਤੇ ਹੁਣ ਤੱਕ 300 ਕਰੋੜ ਦਾ ਆਂਕੜਾ ਪਾਰ




ਕਰ ਚੁੱਕੀ ਹੈ। ਸੰਨੀ ਦਿਓਲ ਅਤੇ ਅਮੀਸ਼ਾ ਪਟੇਲ ਸਟਾਰਰ 'ਗਦਰ 2', ਸਾਲ 2023 ਦੀ ਸਭ ਤੋਂ ਵੱਧ ਉਡੀਕੀ ਜਾਣ ਵਾਲੀ ਫਿਲਮ, 11 ਅਗਸਤ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ। ਦਿਲਚਸਪ ਗੱਲ ਇਹ ਹੈ ਕਿ ਇਸ ਫਿਲਮ ਦੀ ਅਕਸ਼ੈ ਕੁਮਾਰ, ਪੰਕਜ ਤ੍ਰਿਪਾਠੀ ਅਤੇ ਯਾਮੀ ਗੌਤਮ ਸਟਾਰਰ ਫਿਲਮ 'OMG 2' ਨਾਲ ਟੱਕਰ ਹੋਈ ਸੀ। ਦੋਵੇਂ ਫਿਲਮਾਂ ਸੀਕਵਲ ਹਨ ਪਰ ਦੋਵਾਂ ਦਾ ਵਿਸ਼ਾ-ਵਸਤੂ ਯਾਨਿ ਕਹਾਣੀ ਇਕ ਦੂਜੇ ਤੋਂ ਬਿਲਕੁਲ ਵੱਖਰਾ ਹੈ। ਦੂਜੇ ਪਾਸੇ, ਕਮਾਈ ਦੀ ਗੱਲ ਕਰੀਏ ਤਾਂ ਸੰਨੀ ਦਿਓਲ ਦੀ 'ਗਦਰ 2' ਨੇ ਬਾਕਸ ਆਫਿਸ 'ਤੇ ਤੂਫਾਨ ਮਚਾ ਦਿੱਤਾ ਹੈ। ਫਿਲਮ ਪਹਿਲੇ ਦਿਨ ਤੋਂ ਹੀ ਸ਼ਾਨਦਾਰ ਕਲੈਕਸ਼ਨ ਕਰ ਰਹੀ ਹੈ ਅਤੇ ਇਸ ਫਿਲਮ ਨੇ ਕਈ

## ਬਹੁਤ ਦੇਰ ਬਾਅਦ ਸਿਨੇਮਾਘਰਾਂ 'ਚ ਭੰਗੜੇ ਪੈਂਦੇ ਆਏ ਨਜ਼ਰ

ਰਿਕਾਰਡ ਵੀ ਤੋੜੇ ਹਨ। 'ਗਦਰ 2: ਦ ਕਥਾ ਕੰਟੀਨਿਊਜ਼', ਅਨਿਲ ਸ਼ਰਮਾ ਦੁਆਰਾ ਨਿਰਦੇਸ਼ਤ, ਸਿਤਾਰੇ ਸਨੀ ਦਿਓਲ, ਅਮੀਸ਼ਾ ਪਟੇਲ, ਉਤਕਰਸ਼ ਸ਼ਰਮਾ ਅਤੇ ਮਨੀਸ਼ ਵਾਧਵਾ ਅਤੇ ਕਈ ਹੋਰ ਕਲਾਕਾਰਾਂ ਨੇ ਸ਼ਾਨਦਾਰ ਕੰਮ ਕੀਤਾ ਹੈ। ਇਹ ਫਿਲਮ ਬਾਕਸ ਆਫਿਸ 'ਤੇ ਬਲਾਕਬਸਟਰ ਸਾਬਤ ਹੋਈ ਹੈ। 'ਗਦਰ 2' ਤੋਂ ਸ਼ੁਰੂ ਤੋਂ ਹੀ ਵਧੀਆ ਕਲੈਕਸ਼ਨ ਦੀ ਉਮੀਦ ਕੀਤੀ ਜਾ ਰਹੀ ਸੀ। ਪਰ 'ਗਦਰ: ਏਕ ਪ੍ਰੇਮ ਕਥਾ' ਵਰਗੀ ਆਲ-ਟਾਈਮ ਬਲਾਕਬਸਟਰ ਫਿਲਮ ਦੀ ਅਗਲੀ ਕਿਸ਼ਤ ਹੋਣ ਦੇ ਬਾਵਜੂਦ, ਇਹ ਜਿਸ ਤਰ੍ਹਾਂ ਕਮਾਈ ਕਰ ਰਹੀ ਹੈ, ਅਸਲ ਵਿੱਚ ਕਿਸੇ ਨੇ ਉਮੀਦ ਨਹੀਂ ਕੀਤੀ ਸੀ। ਫਿਲਮ ਨੇ ਟਿਕਟ ਖਿੜਕੀ 'ਤੇ ਕਮਾਈ ਦੇ ਕਈ ਰਿਕਾਰਡ ਤੋੜ ਦਿੱਤੇ ਹਨ। 'ਗਦਰ 2' ਦੀ ਪਹਿਲੇ ਦਿਨ ਦੀ ਕਮਾਈ-40.10 ਕਰੋੜ ਰੁਪਏ ਰਹੀ। ਦੂਸਰੇ ਦਿਨ ਸ਼ਨੀਵਾਰ ਨੂੰ 7% ਵਧ ਕੇ 43.08 ਕਰੋੜ ਰੁਪਏ ਦੀ ਕਮਾਈ ਕੀਤੀ। ਗਦਰ 2 ਨੇ ਐਤਵਾਰ ਨੂੰ 20% ਦੀ ਛਾਲ ਮਾਰ ਕੇ 51.70 ਕਰੋੜ ਰੁਪਏ ਦੀ ਕਮਾਈ ਕੀਤੀ। ਸੋਮਵਾਰ ਨੂੰ 'ਗਦਰ 2' ਦੀ ਕਮਾਈ - 25 ਫੀਸਦੀ ਦੀ ਗਿਰਾਵਟ ਨਾਲ 38.70 ਕਰੋੜ ਰੁਪਏ। ਮੰਗਲਵਾਰ ਨੂੰ 43% ਦੀ ਛਾਲ ਮਾਰ ਕੇ 55.50 ਕਰੋੜ ਰੁਪਏ ਦੀ ਕਮਾਈ ਕੀਤੀ। 'ਗਦਰ 2' ਦੀ ਕਮਾਈ ਬੁੱਧਵਾਰ ਯਾਨੀ ਛੇਵੇਂ ਦਿਨ - ਬਾਕਸ ਆਫਿਸ ਵਰਲਡਵਾਈਡ ਰਿਪੋਰਟ ਦੇ ਮੁਤਾਬਕ 40 ਫੀਸਦੀ ਦੀ ਗਿਰਾਵਟ ਦੇ ਨਾਲ 33.50 ਕਰੋੜ ਰੁਪਏ। ਗਦਰ 2 ਦਾ 6 ਦਿਨਾਂ ਦਾ ਕੁੱਲ ਕਲੈਕਸ਼ਨ - 262.48 ਕਰੋੜ ਰੁਪਏ।

### 'ਗਦਰ 2' ਬਾਕਸ ਆਫਿਸ 'ਤੇ 'ਪਠਾਨ' ਤੋਂ ਮਹਿਜ਼ 15 ਫੀਸਦੀ ਪਿੱਛੇ

ਇਸ ਵਿਚ ਕੋਈ ਦੋ ਰਾਏ ਨਹੀਂ ਕਿ 'ਗਦਰ 2' ਬਾਕਸ ਆਫਿਸ 'ਤੇ ਇਤਿਹਾਸਕ ਸਿੰਗਲ ਸਕਰੀਨ ਕੈਪਚਰ ਨਾਲ ਧਮਾਲ ਮਚਾ ਰਹੀ ਹੈ। ਵਪਾਰ ਜਗਤ ਲਈ ਇਹ ਸਭ ਤੋਂ ਵੱਡੀ ਹੈਰਾਨੀ ਹੋ ਸਕਦੀ ਹੈ, ਕਿਉਂਕਿ ਹੁਣ 'ਗਦਰ 2' ਦਾ ਇਕਲੌਤਾ ਮਕਸਦ ਬਾਕਸ ਆਫਿਸ 'ਤੇ 'ਪਠਾਨ' ਨੂੰ ਕਰਾਰੀ ਮਾਤ ਦੇਣਾ ਹੈ। ਕਿਉਂਕਿ ਇਹ 6 ਦਿਨਾਂ ਦੇ ਪ੍ਰਦਰਸ਼ਨ ਤੋਂ ਬਾਅਦ SRK ਸਟਾਰਟਰ ਤੋਂ 15% ਪਿੱਛੇ ਹੈ। ਇੱਥੇ ਪਠਾਨ (ਸਿਰਫ਼ ਹਿੰਦੀ) ਬਨਾਮ ਗਦਰ 2 ਦੇ 6ਵੇਂ ਦਿਨ ਦੇ ਕਲੈਕਸ਼ਨ ਹਨ। ਪਹਿਲਾ ਦਿਨ - ਪਠਾਨ ਦਾ ਕੁਲੈਕਸ਼ਨ 55 ਕਰੋੜ, ਗਦਰ 2 ਦਾ 40.10 ਕਰੋੜ ਦਿਨ 2 - ਪਠਾਨ ਦਾ ਕਲੈਕਸ਼ਨ 68 ਕਰੋੜ, ਗਦਰ 2 ਦਾ ਕਾਰੋਬਾਰ 43.08 ਕਰੋੜ, ਦਿਨ 3 - ਪਠਾਨ ਦਾ ਸੰਗ੍ਰਹਿ 38 ਕਰੋੜ, ਗਦਰ 2 ਦਾ 51.70 ਕਰੋੜ, ਚੌਥਾ ਦਿਨ - ਪਠਾਨ ਨੇ 51.50 ਕਰੋੜ, ਗਦਰ 2 ਨੇ 38.70 ਕਰੋੜ ਕਮਾਏ, ਪੰਜਵਾਂ ਦਿਨ - ਪਠਾਨ ਨੇ 58.50 ਕਰੋੜ, ਗਦਰ 2 ਨੇ 55.40 ਕਰੋੜ ਕਮਾਏ, ਦਿਨ 6 - ਪਠਾਨ ਨੇ 25.50 ਕਰੋੜ ਕਮਾਏ, ਗਦਰ 2 ਨੇ 33.50 ਕਰੋੜ ਕਮਾਏ, ਕੁੱਲ ਸੰਗ੍ਰਹਿ - ਪਠਾਨ ਦੇ 6ਵੇਂ ਦਿਨ ਕੁੱਲ 306.50 ਕਰੋੜ, ਗਦਰ-2 6ਵੇਂ ਦਿਨ ਕੁੱਲ 262.48 ਕਰੋੜ (ਵਾਪਸ 15%)




ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਪੁਲਿਸ ਭਰਤੀ ਦੀ ਪ੍ਰੀਖਿਆ ਨਿੱਜੀ ਅਦਾਰੇ ਤੋਂ ਕਰਵਾਉਣ ਕਾਰਨ ਪ੍ਰੀਖਿਆਰਥੀਆਂ ’ਚ ਰੋਸ

ਸੁਨੀਲ ਮਹਿਰਾ

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਹੀ ਬੇਰੁਜ਼ਗਾਰ ਵਿਦਿਆਰਥੀਆਂ ਦੇ ਹਿਤਾਂ ਵਿਚ ਫੈਸਲੇ ਲੈਂਦਿਆਂ ਪੰਜਾਬ ਸਰਕਾਰ ਵਲੋਂ ਵੱਖ-ਵੱਖ ਸਰਕਾਰੀ ਅਦਾਰਿਆਂ ਵਿਚ ਖਾਲੀ ਪਈਆਂ ਅਸਾਮੀਆਂ ਨੂੰ ਪੂਰਾ ਕਰਨ ਲਈ ਪੰਜਾਬ ਵਿਚ ਅਸਾਮੀਆਂ ਕੱਢਣ ਦਾ ਦੌਰ ਸ਼ੁਰੂ ਕੀਤਾ ਗਿਆ ਸੀ ਪਰ ਇਸ ਵਿਚ ਵੀ ਬਹੁਤ ਵੱਡੀਆਂ ਖਾਮੀਆਂ ਦੇਖਣ ਨੂੰ ਮਿਲ ਰਹੀਆਂ ਹਨ। ਇਹ ਗੱਲ ਸ਼ਾਇਦ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਧਿਆਨ ਵਿਚ ਨਾ ਹੋਵੇ ਜਾਂ ਫਿਰ ਇਹ ਹੇਠਲੇ ਪੱਧਰ ’ਤੇ ਹੋਣ ਕਰਕੇ ਉਨ੍ਹਾਂ ਦੇ ਧਿਆਨ ਵਿਚ ਨਾ ਆਈ ਹੋਵੇ। ਜ਼ਿਕਰਯੋਗ ਹੈ ਕਿ ਪਹਿਲਾਂ ਤਾਂ ਪੰਜਾਬ ਪੁਲਿਸ ਦੀਆਂ ਸਾਰੀਆਂ ਭਰਤੀਆਂ ਜਿਵੇਂ ਕਿ ਸਬ-ਇੰਸਪੈਕਟਰ, ਹੈੱਡ-ਕਾਂਸਟੇਬਲ ਅਤੇ ਕਾਂਸਟੇਬਲ ਦੇ ਪੇਪਰ ਇਕ ਨਿੱਜੀ ਸੰਸਥਾ ਟਾਟਾ ਕੰਸਲਟੈਂਸੀ ਸਰਵਿਸ (TCS) ਵਲੋਂ ਕਰਵਾਏ ਜਾ ਰਹੇ ਹਨ ਜਦਕਿ ਪੰਜਾਬ ਸਰਕਾਰ ਕੋਲ ਆਪਣੇ ਕਈ ਸਰਕਾਰੀ ਅਦਾਰੇ ਹਨ ਜੋ ਕਿ ਇਕ ਵਧੀਆ ਢੰਗ ਨਾਲ ਪੇਪਰ ਕਰਵਾ ਸਕਦੇ ਹਨ ਜਿਵੇਂ ਕਿ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (PSSSB), ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਥਾਪਰ ਯੂਨੀਵਰਸਿਟੀ, ਪਟਿਆਲਾ ਆਦਿ। ਹੁਣ ਪੰਜਾਬ ਪੁਲਿਸ ਕਾਂਸਟੇਬਲ-2023 ਦੀ ਭਰਤੀ ਦਾ ਪੇਪਰ ਟਾਟਾ ਕੰਸਲਟੈਂਸੀ ਸਰਵਿਸ (TCS) ਵਲੋਂ ਕਰਵਾਏ ਜਾਣ ਕਰਕੇ ਸਿੱਧਾ ਨੁਕਸਾਨ ਪੰਜਾਬ ਦੇ ਬੇਰੁਜ਼ਗਾਰ ਵਿਦਿਆਰਥੀਆਂ ਦਾ ਹੋ ਰਿਹਾ ਹੈ ਕਿਉਂਕਿ ਪੇਪਰ ਦਾ ਪੈਟਰਨ ਬਿਲਕੁਲ ਕੇਂਦਰ ਸਰਕਾਰ ਵਲੋਂ ਲਏ ਜਾਂਦੇ ਐੱਸ. ਐੱਸ. ਸੀ. (ਸਟਾਫ ਸਿਲੈਕਸ਼ਨ ਕਮਿਸ਼ਨ) ਦੇ ਪੇਪਰਾਂ ’ਤੇ ਆਧਾਰਿਤ ਹੈ, ਜਿਸ ਦਾ ਸਿੱਧਾ ਲਾਭ ਪੰਜਾਬ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਨੂੰ ਹੋ ਰਿਹਾ ਹੈ ਅਤੇ ਇਸ ਦੇ ਉਲਟ ਜਿਸ ਵਿਸ਼ੇ ਅਤੇ ਭਾਗ ਦਾ ਫ਼ਾਇਦਾ ਪੰਜਾਬ ਦੇ ਵਿਦਿਆਰਥੀ ਨੂੰ ਹੋਣਾ ਸੀ ਜਿਵੇਂ ਕਿ ਪੰਜਾਬੀ ਵਿਆਕਰਨ (10 ਨੰਬਰ ਸਿਲੇਬਸ ਦੇ ਅਨੁਸਾਰ) ਵਿਚ ਬਹੁਤ ਸੌਖੇ ਪੱਧਰ ਦੇ ਪ੍ਰਸ਼ਨ ਜਾਣਬੁਝ ਕੇ ਪੁੱਛੇ ਜਾ ਰਹੇ ਹਨ ਅਤੇ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਜੋ ਕਿ ਕੁੱਲ ਆਮ ਗਿਆਨ (35 ਨੰਬਰਾਂ ਦੇ ਸਿਲੇਬਸ ਅਨੁਸਾਰ) ਵਿਚੋਂ ਸਿਰਫ਼ 23 ਪ੍ਰਸ਼ਨ ਪੁੱਛੇ ਜਾ ਰਹੇ ਜੋ ਕਿ ਬਹੁਤ ਸੌਖੇ ਪੱਧਰ ਦੇ ਹਨ। ਇੱਥੇ ਦੱਸਣਯੋਗ ਹੈ ਕਿ ਰਾਜਸਥਾਨ ਪੁਲਿਸ ਵਿਚ ਸਿਪਾਹੀ ਦੀ ਭਰਤੀ ਨਿਕਲੀ ਹੈ, ਉਨ੍ਹਾਂ ਦੇ ਸਿਲੇਬਸ ਵਿਚ ਕੁੱਲ ਅੰਕ 150 ਵਿਚੋਂ 45 ਨੰਬਰਾਂ ਦਾ ਰਾਜਸਥਾਨ ਦਾ ਆਮ ਗਿਆਨ ਜਿਵੇਂ ਕਿ ਰਾਜਸਥਾਨ ਦਾ ਇਤਿਹਾਸ, ਸੰਸਕ੍ਰਿਤੀ ਅਤੇ ਸੱਭਿਆਚਾਰ ਆਦਿ ਪੁੱਛਿਆ ਜਾਵੇਗਾ, ਜਿਸ ਦਾ ਸਿੱਧਾ ਫ਼ਾਇਦਾ ਰਾਜਸਥਾਨ ਦੇ ਵਿਦਿਆਰਥੀਆਂ ਨੂੰ ਹੋਵੇਗਾ, ਪਰ ਇਸ ਦੇ ਉਲਟ ਹੁਣ ਪੰਜਾਬ ਦੀਆਂ ਭਰਤੀਆਂ ਵਿਚ ਜਿਸ ਵਿਸ਼ੇ ਵਿਚੋਂ ਪੰਜਾਬ ਦੇ ਵਸਨੀਕ ਵਿਦਿਆਰਥੀਆਂ ਨੂੰ ਫ਼ਾਇਦਾ ਹੋਣਾ ਸੀ, ਉਸ ਦਾ ਪੱਧਰ ਕਮਜ਼ੋਰ ਜਾਂ ਘੱਟ ਕਰਕੇ ਉਸ ਦਾ ਫ਼ਾਇਦਾ ਸਿੱਧੇ ਜਾਂ ਅਸਿੱਧੇ ਤੌਰ ’ਤੇ ਬਾਹਰ ਦੇ ਵਿਦਿਆਰਥੀਆਂ ਨੂੰ ਪਹੁੰਚਾਇਆ ਜਾ ਰਿਹਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਇਕ ਮੱਧਵਰਗੀ ਪਰਿਵਾਰ ਵਿਚੋਂ ਹੋਣ ਕਾਰਨ ਉਨ੍ਹਾਂ ਨੂੰ ਆਮ ਘਰ ਅਤੇ ਮੱਧਵਰਗੀ ਪਰਿਵਾਰਾਂ ਦੀਆਂ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਵਿਦਿਆਰਥੀ ਬਹੁਤ ਮੁਸ਼ਕਿਲ ਨਾਲ ਦਿਨ-ਰਾਤ ਇਕ ਕਰਕੇ ਪੜ੍ਹਾਈ ਕਰਦੇ ਹਨ ਅਤੇ ਸਰੀਰਕ ਯੋਗਤਾ ਦੀ ਤਿਆਰੀ ਕਰਦੇ ਹਨ ਕਿ ਅਸੀਂ ਵੀ ਪੰਜਾਬ ਵਿਚ ਰਹਿ ਕੇ ਪੰਜਾਬ ਦੀ ਸੇਵਾ ਕਰ ਸਕੀਏ ਅਤੇ ਜੋ ਨੌਜਵਾਨੀ ਪੰਜਾਬ ਦੀ ਧਰਤੀ ਛੱਡ ਕੇ ਵਿਦੇਸ਼ਾਂ ਨੂੰ ਭੱਜ ਰਹੀ ਹੈ ਉਨ੍ਹਾਂ ਲਈ ਇਕ ਮਿਸਾਲ ਕਾਇਮ ਕਰ ਸਕੀਏ ਕਿ ਪੰਜਾਬ ਦੀ ਧਰਤੀ ’ਤੇ ਰਹਿ ਕੇ ਵੀ ਨੌਜਵਾਨ ਕਾਮਯਾਬ ਹੋ ਸਕਦੇ ਹਨ, ਪਰ ਇਹ ਤਦ ਹੀ ਸੰਭਵ ਹੈ ਜਦ ਸਰਕਾਰ ਵਿਦਿਆਰਥੀਆਂ ਦੇ ਹਿਤਾਂ ਪ੍ਰਤੀ ਫ਼ੈਸਲਾ ਕਰੇਗੀ। ਇੱਥੇ ਜ਼ਿਕਰਯੋਗ ਹੈ ਕਿ ਸਾਰੀ ਭਰਤੀ ਤਰਤੀਬ ਵਿੱਚ ਕਰਵਾਈ ਜਾਵੇ ਕਿਉਂਕਿ ਜਿਵੇਂ ਇਸ ਵਾਰ ਸਬ-ਇੰਸਪੈਕਟਰ, ਹੈੱਡ-ਕਾਂਸਟੇਬਲ ਅਤੇ ਕਾਂਸਟੇਬਲ ਦੇ ਪੇਪਰ ਲਗਭਗ ਇਕੱਠੇ ਹੀ ਹੋਏ ਹਨ ਅਤੇ ਸਬ-ਇੰਸਪੈਕਟਰ, ਹੈੱਡ-ਕਾਂਸਟੇਬਲ ਦਾ ਨਤੀਜਾ ਵੀ ਇੱਕਠਾ ਹੀ ਆਇਆ ਹੈ, ਉਸ ਵਿਚ ਸਮੱਸਿਆ ਇਹ ਆਈ ਹੈ ਕਿ ਜੋ ਵਿਦਿਆਰਥੀ ਸਬ-ਇੰਸਪੈਕਟਰ ਦੇ ਨਤੀਜੇ ਵਿਚ ਚੁਣੇ ਹੋਏ ਉਹੀ ਵਿਦਿਆਰਥੀ ਹੈੱਡ-ਕਾਂਸਟੇਬਲ ਦੇ ਨਤੀਜਾ ਲਿਸਟ ਵਿਚ ਵੀ ਚੁਣੇ ਗਏ ਹਨ ਹੁਣ ਉਹ ਵਿਦਿਆਰਥੀ ਕਿਸੇ ਇਕ ਅਸਾਮੀ ਨੂੰ ਹੀ ਜੁਆਇਨ ਕਰਨਗੇ ਅਤੇ ਦੂਸਰੀ ਪੋਸਟ ਖਾਲ਼ੀ ਰਹਿ ਜਾਵੇਗੀ ਕਿਉਂਕਿ ਪੰਜਾਬ ਦੀਆਂ ਭਰਤੀਆਂ ਵਿਚ ਕੋਈ ਉਡੀਕ ਸੂਚੀ ਦੀ ਸੁਵਿਧਾ ਨਹੀਂ ਹੈ। ਇਸ ਵਾਰ ਸਬ-ਇੰਸਪੈਕਟਰ ਅਤੇ ਕਾਂਸਟੇਬਲ ਦੀ ਨਤੀਜਾ ਸੂਚੀ ਵਿਚ ਘੱਟੋ-ਘੱਟ 98 ਵਿਦਿਆਰਥੀ ਸਾਂਝੇ ਹਨ, ਇਸ ਹਿਸਾਬ ਨਾਲ 98 ਅਸਾਮੀਆਂ ਖਾਲ਼ੀ ਰਹਿ ਜਾਣਗੀਆਂ ਅਤੇ ਉਹ ਅਗਲੀਆਂ ਭਰਤੀਆਂ ਵਿਚ ਭਰੀਆਂ ਜਾਣਗੀਆਂ, ਪਰ ਇਸ ਵਿਚ ਜੋ ਵਿਦਿਆਰਥੀ ਬਹੁਤ ਮਿਹਨਤ ਕਰਕੇ ਵੀ ਕੁਝ ਕੁ ਨੰਬਰ ਜਿਵੇਂ ਕਿ 0.25 ਜਾਂ 1 ਨੰਬਰ ਤੋਂ ਚੁਣੇ ਜਾਣ ਤੋਂ ਰਹਿ ਜਾਂਦੇ ਹਨ ਜਾਂ ਤਾਂ ਅਗਲੀ ਵਾਰ ਮਿਹਨਤ ਕਰਦੇ ਹਨ ਜਾਂ ਕੁਝ ਕੁ ਉਮਰ ਹੱਦ ਟੱਪ ਜਾਂਦੇ ਹਨ ਜਾਂ ਕੁਝ ਕੁ ਨਿਰਾਸ਼ ਹੋ ਕੇ ਵਿਦੇਸ਼ਾਂ ਦਾ ਰੁਖ਼ ਕਰ ਜਾਂਦੇ ਹਨ। ਪੰਜਾਬ ਪੁਲਿਸ ਵਿਚ ਭਰਤੀ ਦੀ ਉਮਰ ਹੱਦ 28 ਤੋਂ 37 ਜਾਂ 42 ਸਾਲ ਕੀਤੀ ਜਾਵੇ ਤਾਂ ਜੋ ਉਹ ਵਿਦਿਆਰਥੀ ਜੋ 2016 ਤੋਂ ਪੰਜਾਬ ਪੁਲਿਸ ਭਰਤੀ ਦੀ ਉਡੀਕ ਕਰ ਰਹੇ ਸਨ, ਕਿਉਂਕਿ 2016 ਤੋਂ ਬਾਅਦ ਸਿੱਧੀ ਭਰਤੀ 2021 ਵਿਚ ਆਈ ਸੀ ਪਰ ਉਸ ਸਮੇਂ ਇਨ੍ਹਾਂ ਵਿਦਿਆਰਥੀਆਂ ਦੀ ਉਮਰ ਹੱਦ ਲੰਘ ਚੁੱਕੀ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੌਜਵਾਨਾਂ ਦੇ ਹੱਕਾਂ ਵਿਚ ਇਤਿਹਾਸਕ ਫ਼ੈਸਲਾ ਕਰਦਿਆਂ ਕਿਹਾ ਕਿ ਭਰਤੀ ਹੁਣ ਹਰ ਸਾਲ ਆਇਆ ਕਰੇਗੀ, ਬਹੁਤ ਚੰਗੀ ਪਹਿਲਕਦਮੀ ਕੀਤੀ ਅਤੇ ਜੋ ਵਿਦਿਆਰਥੀ ਉਮਰ ਹੱਦ ਲੰਘ ਚੁੱਕੇ ਹਨ, ਉਨ੍ਹਾਂ ਨੂੰ ਵੀ ਉਮੀਦ ਦੀ ਇਕ ਕਿਰਨ ਜਾਗੀ ਕਿ ਸ਼ਾਇਦ ਹੁਣ ਉਨ੍ਹਾਂ ਨੂੰ ਵੀ ਭਰਤੀ ਹੋਣ ਦਾ ਮੌਕਾ ਮਿਲ ਸਕੇ ਤੇ ਉਹ ਨੌਜਵਾਨ ਪੰਜਾਬ ਪੁਲਿਸ ਵਿਚ ਭਰਤੀ ਹੋ ਕੇ ਆਪਣਾ ਸੁਪਨਾ ਪੂਰਾ ਕਰ ਸਕਣ। ਹੁਣੇ ਪਿੱਛੇ ਹੀ ਪੰਜਾਬ ਸਰਕਾਰ ਨੇ ਜੰਗਲਾਤ ਵਿਭਾਗ ਵਿਚ ਗਾਰਡ ਦੀ ਅਸਾਮੀ ਲਈ ਭਰਤੀ ਵਿਚ ਉਮਰ ਹੱਦ 37 ਸਾਲ ਰੱਖੀ ਸੀ ਅਤੇ ਇਸ ਅਸਾਮੀ ਲਈ ਸਰੀਰਕ ਯੋਗਤਾ ਟੈਸਟ ਪੰਜਾਬ ਪੁਲਿਸ ਦੀ ਸਿਪਾਹੀ ਅਸਾਮੀ ਤੋਂ ਵੀ ਮੁਸ਼ਕਿਲ ਸੀ, ਸੋ ਜੇਕਰ ਵਿਦਿਆਰਥੀ ਇਸ ਅਸਾਮੀ ਲਈ ਸਰੀਰਕ ਯੋਗਤਾ ਟੈਸਟ ਪਾਸ ਕਰ ਸਕਦੇ ਹਨ ਤਾਂ ਉਹ ਪੰਜਾਬ ਪੁਲਿਸ ਭਰਤੀ ਲਈ ਵੀ ਤਿਆਰੀ ਕਰਕੇ ਆਪਣੇ ਸੁਪਨੇ ਪੂਰੇ ਕਰ ਸਕਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਦਾ ਦੁੱਖ ਦਰਦ ਸਮਝਦੇ ਹੋਏ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਜ਼ਰੂਰ ਮੰਨਣ ਅਤੇ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਦੇਣ ਤਾਂ ਜੋ ਸਾਡਾ ਰੰਗਲਾ ਪੰਜਾਬ ਕਿਤੇ ਕੰਗਲਾ ਪੰਜਾਬ ਬਣ ਕੇ ਹੀ ਨਾ ਰਹਿ ਜਾਵੇ।


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


HM TAX
The Income Tax Experts
GURINDER SODHI
PRSENTS
PrimeASIA
SUNNY
HINDUSTANI
SALMAN
ALI
NITIN
KUMAR
ISHITA
VISHWAKARMA
THE ORPHEUM VANCOUVER
SATURDAY SEPTEMBER 30, 2023
DOORS OPEN AT 6:00PM SHOW START AT 7:00PM
FOR SPONSORSHIPS CONTACT
GURINDER SODHI : (778) 319-2877
connect
91.5
SIRKA
Gourmet Takeout
TICKETS AVAILABLE ON WWW. VTIX.COM

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

LOWEST PRICES IN TOWN

EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$13.99 bag

EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.48 ea.

Green Cabbage
ਹਰੀ ਬੰਦ ਗੋਭੀ
59¢ lb

SUPER SPECIAL
Corn on the Cob BC
ਬੀ. ਸੀ ਮਕਈ
2 for 99¢

SUPER SUPER SPECIAL
Roma Tomatoes
ਰੋਮਾ ਟਮਾਟਰ
99¢ lb

Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle

Opo Squash (Long)
ਓਪੋ ਕੱਦੂ
88¢ lb

SUPER SPECIAL
BC Cherries Large Size
ਬੀਸੀ ਵੱਡੀਆਂ ਚੈਰੀਆਂ
$1.99 lb

SUPER SPECIAL
Jumbo Size Cantaloupe
ਵੱਡੇ ਖਰਬੂਜੇ
$1.49 ea.

Almonds #1
ਬਦਾਮ
$3.98 lb

Zucchini Squash
ਜ਼ੁਕੀਨੀ ਸਕੁਐਸ਼
79¢ lb

SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
69¢ lb

SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$4.98 bag

Daikon (Moli) BC
ਮੂਲੀ ਬੀਸੀ
99¢ lb

Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box

Rapini (Sarson da Saag)
ਸਰਸੋਂ ਦਾ ਸਾਗ
$2.49 bunch

Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb

Mandarine Clementine
ਕਲੈਮੈਂਟਾਈਨ ਸੰਤਰੇ
$1.49 lb

Petha Kadhu
ਪੇਠਾ ਕੱਦੂ
98¢

Chana Dal & Red Lentil Whole, Red Lentil Split 4 lbs (Indican)
ਚਨੇ ਦੀ ਦਾਲ, ਮਸਰਾਂ ਦੀ, ਸਾਬਤ ਦਾਲ ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.98 bag

Red Lentil Whole
ਮਸਰਾ ਦੀ ਸਾਬਤ ਦਾਲ
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
$1.29 lb

Gala Apples
ਗਾਲਾ ਸੇਬ
$1.49 lb

Purple Top Turnip BC
ਜਾਮਨੀ ਟੌਪ ਸ਼ਲਗਮ ਬੀਸੀ
99¢ lb

Chickpeas
ਚਿੱਟੇ ਛੋਲੇ
99¢ lb

Fri Aug 18, 2023 - Wed Aug 23, 2023

We reserve the right to limit the quantities while they last

Specials valid for Lower Mainland only

Product images may differ from the actual product.

22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |